ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ਨਿਚਰਵਾਰ, 8 ਜਨਵਰੀ 2022 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)

R.N.I. Punpun/29016/2008 ✫ ਸਾਲ : 14 ✫ ਅੰਕ : 323 ✫ ਮੁੱਲ : 2.00 ਰੁਪਏ ✫ ਕੁੱਲ ਪੇਜ਼ : 10 ✫ ਫੈਕਸ : 0181-2211009 ✫ M. 99155-94111

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com



ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ
ਮੁੱਖ ਸੰਪਾਦਕ :- ਅਮਨਦੀਪ ਮਹਿਰਾ



## ਹਿਮਾਚਲ-ਉਤਰਾਖੰਡ 'ਚ ਲਗਾਤਾਰ ਤੀਸਰੇ ਦਿਨ ਬਰਫਬਾਰੀ

**ਸ਼ਿਮਲਾ/ਦੇਹਰਾਦੂਨ/ਲੋਕ ਬਾਣੀ**

ਹਿਮਾਚਲ ਅਤੇ ਉਤਰਾਖੰਡ 'ਚ ਲਗਾਤਾਰ ਤੀਸਰੇ ਦਿਨ ਵੀ ਬਰਫਬਾਰੀ ਦਾ ਦੌਰ ਜਾਰੀ ਰਹਿਣ ਨਾਲ ਆਮ ਜਨ-ਜੀਵਨ ਅਸਤ-ਵਿਅਸਤ ਹੋ ਗਿਆ। ਹਿਮਾਚਲ 'ਚ ਸੜਕਾਂ ਬੰਦ ਹੋ ਗਈਆਂ ਹਨ। ਕਈ ਜਗ੍ਹਾ ਟਰਾਂਸਫਾਰਮਰ ਖ਼ਰਾਬ ਹੋਣ ਨਾਲ ਬਿਜਲੀ ਗੁੱਲ ਹੈ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਬੰਦ ਹੋ ਗਈ ਹੈ। ਉਥੇ ਹੀ ਜੰਮੂ-ਕਸ਼ਮੀਰ 'ਚ ਬਰਫਬਾਰੀ ਅਤੇ ਮੀਂਹ ਦਾ ਦੌਰ ਰੁਕ ਗਿਆ ਹੈ। ਗੁਲਮਰਗ, ਕੁਲਗਾਮ, ਗਾਂਦਰਬਲ ਅਤੇ ਉੱਤਰੀ ਕਸ਼ਮੀਰ 'ਚ ਐੱਲ. ਓ. ਸੀ. ਦੇ ਨਾਲ ਲੱਗਦੇ ਉੱਚੇ ਪਹਾੜੀ ਇਲਾਕਿਆਂ ਤੋਂ ਇਲਾਵਾ ਕਾਰਗਿਲ ਦੇ ਉੱਪਰੀ ਇਲਾਕਿਆਂ 'ਚ ਬਰਫ ਖਿਸਕਣ ਦੇ ਖਦਸ਼ੇ ਦੇ ਮੱਦੇਨਜਰ ਆਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ 'ਚ ਚੰਗਾ ਮੀਂਹ ਪੈਣ ਨਾਲ ਖੁਸ਼ਕ ਮੌਸਮ 'ਤੇ ਠਹਿਰਾਅ ਲੱਗ ਗਿਆ ਹੈ ਅਤੇ ਇਸ ਨੂੰ ਫਸਲਾਂ ਲਈ ਫਾਇਦੇਮੰਦ ਮੰਨਿਆ ਜਾ ਰਿਹਾ ਹੈ।



## ਜਲੰਧਰ 'ਚ 'ਆਪ' ਪਾਰਟੀ ਦਾ ਡਰਾਮਾ ਹੋਇਆ ਪ੍ਰੈਸ ਕਲੱਬ ਵਿੱਚ

**ਜਲੰਧਰ/ਲੋਕ ਬਾਣੀ**

ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਵੱਲੋਂ ਟਿਕਟਾਂ ਵੰਡਣ ਦੇ ਤਰੀਕੇ ਤੋਂ ਰੋਹ ਵਿੱਚ ਆਏ ਪਾਰਟੀ ਵਰਕਰਾਂ ਨੇ ਇਥੇ 'ਆਪ' ਦੇ ਪੰਜਾਬ ਮਾਮਲਿਆਂ ਦੇ ਕੋ-ਇੰਚਾਰਜ ਰਾਘਵ ਚੱਢਾ ਨੂੰ ਘੇਰ ਲਿਆ। ਸ੍ਰੀ ਚੱਢਾ ਨੂੰ ਕਈ ਘੰਟਿਆਂ ਤਕ ਪਾਰਟੀ ਵਰਕਰਾਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ। ਉਹ ਇਥੋਂ ਦੇ ਪੰਜਾਬ ਪ੍ਰੈਸ ਕਲੱਬ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਆਏ ਸਨ ਤੇ ਕਈ ਆਗੂਆਂ ਵੱਲੋਂ 'ਆਪ' ਵਿੱਚ ਸ਼ਾਮਲ ਹੋਣ ਬਾਰੇ ਐਲਾਨ ਕਰਨ ਆਏ ਸਨ। ਇਸੇ ਦੌਰਾਨ ਪਾਰਟੀ ਵਰਕਰਾਂ ਨੇ 'ਆਪ' ਅਤੇ ਸ੍ਰੀ ਚੱਢਾ ਖਲਿਾਫ ਪ੍ਰੈਸ ਕਲੱਬ ਦੇ ਬਾਹਰ ਨਾਅਰੇਬਾਜੀ ਸ਼ੁਰੂ ਕਰ ਦਿੱਤੀ। ਪਾਰਟੀ ਦੀ ਜਲੰਧਰ ਇਕਾਈ ਦੇ ਆਗੂ ਡਾ. ਸ਼ਿਵ ਦਿਆਲ ਮਾਲੀ ਨੇ ਵੀ ਪਾਰਟੀ ਵਰਕਰਾਂ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕੀਤਾ। ਪਾਰਟੀ ਵਰਕਰਾਂ ਨੇ ਪ੍ਰੈਸ ਕਲੱਬ ਦਾ ਰਾਹ ਰੋਕ ਲਿਆ ਤੇ ਕਾਲੇ ਝੰਡੇ ਲਹਿਰਾਏ। ਉਨ੍ਹਾਂ ਨੇ ਹੱਥਾਂ ਵਿੱਚ ਪੋਸਟਰ ਫੜੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਸੀ 'ਦਾਗੀ ਬੰਦਿਆਂ ਨੂੰ ਟਿਕਟਾਂ ਦੇਣੀਆਂ ਬੰਦ ਕਰੋ।' ਇਸ ਸਬੰਧ ਵਿੱਚ ਸ੍ਰੀ ਚੱਢਾ ਨੇ ਕਿਹਾ ਕਿ ਇਹ ਸਾਰੇ ਸਾਡੇ ਹੀ ਬੰਦੇ ਹਨ। ਹਰ ਚੋਣਾਂ ਵਿੱਚ ਕੁਝ ਪਾਰਟੀ ਵਰਕਰ ਟਿਕਟਾਂ ਨਾ ਮਿਲਣ ਕਾਰਨ ਨਾਰਾਜ ਹੋ ਜਾਂਦੇ ਹਨ ਤੇ ਇਨ੍ਹਾਂ ਨਾਲ ਬੈਠ ਕੇ ਗੱਲਬਾਤ ਕੀਤੀ ਜਾਵੇਗੀ।



## 10 ਨੂੰ ਲਾਡੋਵਾਲ ਟੋਲ ਪਲਾਜਾ ਤੇ ਕੀਤਾ ਜਾਵੇਗਾ ਮੁਲਾਜ਼ਮਾਂ ਵਲੋਂ ਜਾਮ

**ਲੁਧਿਆਣਾ/ਕਰਨ ਅਗਰਵਾਲ**

ਪੰਜਾਬ ਯੂ. ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫ਼ਰੰਟ ਦੇ ਸੂਬਾਈ ਆਗੂ ਸੁਖਵਿੰਦਰ ਲੀਲ ਅਤੇ ਰਮਨਜੀਤ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਸਾਂਝਾ ਫ਼ਰੰਟ ਵਲੋਂ ਪਿਛਲੇ ਦਿਨੀਂ ਲਏ ਗਏ ਫ਼ੈਸਲੇ ਅਨੁਸਾਰ ਕੱਲ੍ਹ 8 ਜਨਵਰੀ ਨੂੰ ਅੰਮ੍ਰਿਤਸਰ - ਦਿੱਲੀ ਕੌਮੀ ਮਾਰਗ ਉੱਪਰ ਲਾਡੋਵਾਲ ਸਥਿਤ ਟੋਲ ਪਲਾਜ਼ਾ (ਲੁਧਿਆਣਾ) ਜਾਮ ਕਰਨ ਦਾ ਜੋ ਪ੍ਰੋਗਰਾਮ ਉਲੀਕਿਆ ਗਿਆ ਸੀ ਦੇ ਵਿਚ ਤਬਦੀਲੀ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਫ਼ਰੰਟ ਦੇ ਕਨਵੀਨਰਾਂ ਵਲੋਂ ਹੰਗਾਮੀ ਹਾਲਤ ਵਿਚ ਕੀਤੀ ਗਈ ਮੀਟਿੰਗ ਦੌਰਾਨ ਖ਼ਰਾਬ ਮੌਸਮ ਨੂੰ ਮੱਦੇਨਜ਼ਰ ਰੱਖਦਿਆਂ ਹੁਣ ਉਕਤ ਟੋਲ ਪਲਾਜ਼ਾ 10 ਜਨਵਰੀ ਨੂੰ ਜਾਮ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

## ਟਰੰਪ ਤੇ ਲਾਏ, ਬਾਇਡਨ ਨੇ ਗੰਭੀਰ ਇਲਜਾਮ

**ਵਸ਼ਿੰਗਟਨ/ਲੋਕ ਬਾਣੀ**



ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਸ ਦੇ ਸਮਰਥਕਾਂ ਉੱਤੇ ਚੋਣਾਂ ਨੂੰ ਲੈ ਕੇ ਝੂਠ ਬੋਲਣ ਅਤੇ ਲੋਕਤੰਤਰ ਦਾ ਗਲਾ ਘੁੱਟਣ ਦਾ ਦੋਸ਼ ਲਗਾਇਆ ਹੈ। ਕੈਪੀਟਲ ਹਿੱਲ (ਅਮਰੀਕੀ ਸੰਸਦ ਭਵਨ) ਉੱਤੇ ਹੋਏ ਹਮਲੇ ਨੂੰ ਇਕ ਸਾਲ ਪੂਰਾ ਹੋਣ 'ਤੇ ਬਾਇਡਨ ਨੇ ਇਹ ਬਿਆਨ ਦਿੱਤਾ ਹੈ। ਜਕਿਰਯੋਗ ਹੈ ਕਿ 3 ਨਵੰਬਰ 2020 ਨੂੰ ਅਮਰੀਕਾ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਨੇ ਆਪਣੀ ਹਾਰ ਨਹੀਂ ਮੰਨੀ ਸੀ ਤੇ ਉਸ ਨੇ ਚੋਣਾਂ ਵਿੱਚ ਧੋਖਾਧੜੀ ਦੇ ਦੋਸ਼ ਲਗਾਏ ਸਨ। ਇਨ੍ਹਾਂ ਦੋਸ਼ਾਂ ਦੇ ਦਰਮਿਆਨ ਹੀ ਟਰੰਪ ਦੇ ਸਮਰਥਕਾਂ ਨੇ 6 ਜਨਵਰੀ 2021 ਵਿੱਚ ਸੰਸਦ ਭਵਨ ਵਿਚ ਕਥਿਤ ਤੌਰ 'ਤੇ ਹਿੰਸਾ ਕੀਤੀ ਸੀ। ਬਾਇਡਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਇਕ ਰਾਸ਼ਟਰਪਤੀ ਸਿਰਫ ਚੋਣਾਂ ਹੀ ਨਹੀਂ ਹਾਰਿਆ ਬਲਕਿ ਸੰਸਦ ਭਵਨ ਵਿੱਚ ਹਿੰਸਾ ਵੀ ਕਰਵਾਈ ਗਈ ਤੇ ਸ਼ਾਂਤੀਪੂਰਨ ਸੱਤਾ ਪਰਿਵਰਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ।

## ਕੌਮਾਂਤਰੀ ਯਾਤਰੀਆਂ ਨੂੰ ਭਾਰਤ ਆਉਣ ਤੇ 7 ਦਿਨ ਰਹਿਣਾ ਪਵੇਗਾ ਇਕਾਂਤਵਾਸ ਵਿੱਚ

**ਚੰਡੀਗੜ੍ਹ/ਵਿਨੋਦ ਸ਼ਰਮਾ**




ਭਾਰਤ ਸਰਕਾਰ ਨੇ ਨਵੇਂ ਸੋਧੇ ਹੋਏ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ ਕਿ ਦੇਸ਼ ਵਿੱਚ ਆਉਣ ਵਾਲੇ ਕੌਮਾਂਤਰੀ ਮੁਸਾਫਿਰਾਂ ਲਈ ਇਕ ਹਫਤੇ ਵਾਸਤੇ ਇਕਾਂਤਵਾਸ ਹੋਣਾ ਲਾਜਮੀ ਹੋਵੇਗਾ ਤੇ 8ਵੇਂ ਦਿਨ ਆਰਟੀ-ਪੀਸੀਆਰ ਟੈਸਟ ਕੀਤਾ ਜਾਵੇਗਾ। ਅੱਜ ਸ਼ੁੱਕਰਵਾਰ ਤੋਂ ਜਾਰੀ ਹੋਈਆਂ ਇਹ ਹਦਾਇਤਾਂ 11 ਜਨਵਰੀ ਤੋਂ ਅਗਲੇ ਹੁਕਮਾਂ ਤਕ ਲਾਗੂ ਰਹਿਣਗੀਆਂ। ਹਦਾਇਤਾਂ ਅਨੁਸਾਰ 'ਕੋਵਿਡ ਰਿਸਕ' ਵਾਲੇ ਦੇਸ਼ਾਂ ਵਿੱਚੋਂ ਆਉਣ ਵਾਲੇ ਯਾਤਰੀਆਂ ਨੂੰ ਭਾਰਤ ਆਉਣ 'ਤੇ ਕੋਵਿਡ ਦਾ ਸੈਂਪਲ ਦੇਣਾ ਪਏਗਾ ਤੇ ਹਵਾਈ ਅੱਡੇ 'ਤੇ ਹੀ ਨਤੀਜੇ ਦੀ ਉਡੀਕ ਕਰਨੀ ਪਏਗੀ ਜਿਸ ਮਗਰੋਂ ਹੀ ਉਹ ਹਵਾਈ ਅੱਡੇ ਤੋਂ ਬਾਹਰ ਆ ਸਕਣਗੇ ਜਾਂ ਅਗਲੀ ਫਲਾਈਟ ਲੈ ਸਕਣਗੇ।



ਪੰਜਾਬ ਤੇ ਪੰਜਾਬੀਆਂ ਦਾ ਸਾਡੇ ਲੋਕ ਬਾਣੀ ,ਗਰੁੱਪ ਵਲੋਂ ਧੰਨਵਾਦ ਜਿਨ੍ਹਾਂ ਨੇ ਥੋੜੇ ਸਮੇਂ ਵਿੱਚ ਹੀ ਅਦਾਰੇ ਨੂੰ ਇਨ੍ਹਾਂ ਪਿਆਰ ਦੇ ਕੇ ਡਿਜਿਟਲ ਅੰਕ ਨੂੰ ਪਹਿਲੀ ਪਸੰਦ ਕਰਦੇ ਹੋਏ ਆਪਣੇ ਸੁਣੇਹੇ, ਤੇ ਮੁਸ਼ਕਲਾਂ ਭੇਜ ਕੇ ਸਾਡਾ ਸਹਿਯੋਗ ਦਿੱਤਾ

ਵਲੋਂ :- ਕੁਲਵੰਤ ਰਾਏ

ਐਮ.ਡੀ ਰੋਜਾਨਾ ਲੋਕ ਬਾਣੀ ਗਰੁਪ ਜਲੰਧਰ ਪੰਜਾਬ

0181-2211009



ਮੈਂ ਦਿਲੋਂ ਧੰਨਵਾਦੀ ਹਾਂ ਸ਼ਹਿਰ ਦੇ ਰਾਜਨੀਤਕ ਪਾਰਟੀਆਂ ਦੇ ਆਗੂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਜਿਨ੍ਹਾਂ ਨੇ ਸਾਡੇ ਅਦਾਰੇ ਨੂੰ ਇੰਨਾ ਪਿਆਰ ਤੇ ਸਤਿਕਾਰ ਦਿੱਤਾ ਕਿ ਹਰ ਦਿਨ ਪਾਠਕਾਂ ਦੀ ਪਹਿਲੀ ਪਸੰਦ ਬਣ ਰਿਹਾ ਹੈ ਸਾਡਾ ਅਖਬਾਰ ਰੋਜਾਨਾ ਲੋਕ ਬਾਣੀ

ਵਲੋਂ- ਕਰਨ ਅਗਰਵਾਲ, ਜਿਲ੍ਹਾ ਇੰਚਾਰਜ਼ ਲੁਧਿਆਣਾ

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸੰਖੇਪ ਖਬਰਾਂ

## ਪਠਾਨਕੋਟ ਅੰਦਰ ਕੋਰੋਨਾ ਦਾ ਕਹਿਰ ਜਾਰੀ, 153 ਨਵੇਂ ਮਾਮਲੇ ਆਏ ਸਾਹਮਣੇ

**ਪਠਾਨਕੋਟ/ਲੋਕ ਬਾਣੀ :** ਪਠਾਨਕੋਟ ਅੰਦਰ ਅੱਜ ਫਿਰ ਲਗਾਤਾਰ ਕੋਰੋਨਾ ਦਾ ਵੱਡਾ ਬਲਾਸਟ ਹੋਇਆ ਹੈ ਤੇ ਸਿਹਤ ਵਿਭਾਗ ਨੂੰ ਮਿਲੀਆਂ ਜਾਂਚ ਰਿਪੋਰਟਾਂ ਅਨੁਸਾਰ 153 ਨਵੇਂ ਕੋਰੋਨਾ ਮਰੀਜ਼ ਆਏ ਹਨ, ਜਿਸ ਨਾਲ ਜ਼ਿਲ੍ਹਾ ਪਠਾਨਕੋਟ ਵਿਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਵਧ ਕੇ 774 ਹੋ ਗਈ ਹੈ।

## ਮੁੱਖ ਮੰਤਰੀ ਚੰਨੀ ਦੀ ਰੈਲੀ ’ਚ ਪਹੁੰਚੀਆਂ ਆਸ਼ਾ ਵਰਕਰਾਂ ਅਤੇ ਹੋਰ ਜਥੇਬੰਦੀਆਂ ਦੇ ਵਰਕਰ, ਪੁਲਿਸ ਪ੍ਰਸ਼ਾਸਨ ਨੂੰ ਪਈਆਂ ਭਾਜੜਾਂ

**ਰਾਜਪੁਰਾ/ਲੋਕ ਬਾਣੀ :** ਅੱਜ ਇੱਥੇ ਅਨਾਜ ਮੰਡੀ ਵਿਖੇ ਹਲਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਦੀ ਅਗਵਾਈ ‘ਚ ਰੈਲੀ ਰੱਖੀ ਹੋਈ ਸੀ ਅਤੇ ਸਾਰੇ ਵਰਕਰ ਮੁੱਖ ਮੰਤਰੀ ਚੰਨੀ ਦਾ ਇੰਤਜ਼ਾਰ ਕਰ ਰਹੇ ਸਨ ਪਰ ਐਨ ਮੌਕੇ ‘ਤੇ ਅੱਖ ਬਚਾ ਕੇ ਆਸ਼ਾ ਵਰਕਰਾਂ, ਏ.ਐਨ.ਐੱਮ. ਅਤੇ ਹੋਰ ਜਥੇਬੰਦੀਆਂ ਨੇ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਪੁਲਿਸ ਪ੍ਰਸ਼ਾਸਨ ਨੂੰ ਭਾਜੜਾਂ ਪੈ ਗਈਆਂ। ਵੇਖਣ ਨੂੰ ਇਹ ਲੱਗ ਰਿਹਾ ਸੀ ਪੁਲਿਸ ਨੂੰ ਕੰਨੋ-ਕੰਨ ਖ਼ਬਰ ਨਹੀਂ ਸੀ।

## ਕੰਗਣਾ ਰਣੌਤ ਦਾ ਇਕ ਵਾਰ ਵਿਵਾਦਪੂਰਨ ਬਿਆਨ ਆਇਆ ਸਾਹਮਣੇ, ‘ਪੰਜਾਬ ਨੂੰ ਦੱਸਿਆ ਅੱਤਵਾਦੀ ਸਰਗਰਮੀਆਂ ਦਾ ਗੜ੍ਹ’

**ਮੁੰਬਈ/ਲੋਕ ਬਾਣੀ :** ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੁਸੈਨੀਵਾਲਾ ਵਿਖੇ ਕਿਸਾਨਾਂ ਨੇ ਰਸਤਾ ਰੋਕ ਲਿਆ। ਇਸ ਦੇ ਚੱਲਦਿਆਂ ਪ੍ਰਧਾਨ ਮੰਤਰੀ ਦਾ ਕਾਫ਼ਲਾ 15-20 ਮਿੰਟਾਂ ਤਕ ਇਕ ਪੁਲ ‘ਤੇ ਰੁਕਿਆ ਰਿਹਾ। ਇਸ ‘ਤੇ ਕੰਗਨਾ ਰਣੌਤ ਵਲੋਂ ਇੰਸਟਾਗ੍ਰਾਮ ਸਟੋਰੀ ‘ਤੇ ਇਕ ਪੋਸਟ ਸਾਂਝੀ ਕਰਦਿਆਂ ਲਿਖਿਆ, ‘ਪੰਜਾਬ ‘ਚ ਜੋ ਹੋਇਆ ਉਹ ਸ਼ਰਮਨਾਕ ਹੈ।ਮਾਣਯੋਗ ਪ੍ਰਧਾਨ ਮੰਤਰੀ ਸੁਤੰਤਰਤਾ ਨਾਲ ਚੁਣੇ ਗਏ ਲੀਡਰ, ਆਗੂ ਤੇ 140 ਕਰੋੜ ਲੋਕਾਂ ਦੀ ਆਵਾਜ਼ ਹਨ ਉਨ੍ਹਾਂ ‘ਤੇ ਹਮਲਾ ਹੋਣਾ, ਹਰ ਭਾਰਤੀ ‘ਤੇ ਹਮਲਾ ਹੋਣ ਬਰਾਬਰ ਹੈ। ਇਸ ਦੌਰਾਨ ਇਹ ਵੀ ਲਿਖਿਆ ਕਿ ‘ਇਹ ਇਕ ਤਰ੍ਹਾਂ ਨਾਲ ਸਾਡੀ ਆਜ਼ਾਦੀ ‘ਤੇ ਹਮਲਾ ਹੈ। ਪੰਜਾਬ ਅੱਤਵਾਦੀ ਸਰਗਰਮੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ। ਜੇਕਰ ਅਸੀਂ ਇਨ੍ਹਾਂ ਨੂੰ ਹੁਣ ਨਾ ਰੋਕਿਆ ਤਾਂ ਦੇਸ਼ ਨੂੰ ਵੱਡਾ ਘਾਟਾ ਸਹਿਣਾ ਪਵੇਗਾ।

## ਕਾਰ ’ਤੇ ਪਹਾੜ ਤੋਂ ਡਿੱਗਿਆ ਪੱਥਰ, ਨੌਜਵਾਨ ਦੀ ਮੌਤ

**ਡਮਟਾਲ/ਲੋਕ ਬਾਣੀ :** ਹਿਮਾਚਲ ਵਿਚ ਇੱਕ ਵਾਰ ਫਿਰ ਦਰਦਨਾਕ ਹਾਦਸਾ ਸਾਹਮਣੇ ਆਇਆ ਹੈ। ਸੂਬੇ ਦੇ ਚੰਬਾ ਜ਼ਿਲ੍ਹੇ ‘ਚ ਪਹਾੜ ਤੋਂ ਪੱਥਰ ਡਿੱਗਣ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ ਹੈ, ਜਦਕਿ ਨੌਜਵਾਨ ਦਾ ਪਿਤਾ ਅਤੇ ਇਕ ਹੋਰ ਨੌਜਵਾਨ ਜ਼ਖ਼ਮੀ ਹੋ ਗਏ ਹਨ। ਸੂਚਨਾ ਮਿਲਦੇ ਹੀ ਪੁਲਿਸ ਮੌਕੇ ‘ਤੇ ਪਹੁੰਚ ਗਈ ਅਤੇ ਜ਼ਖ਼ਮੀਆਂ ਨੂੰ ਡਲਹੌਜ਼ੀ ਦੇ ਸਿਵਲ ਹਸਪਤਾਲ ਪਹੁੰਚਾਇਆ। ਪੁਲਿਸ ਘਟਨਾ ਦੇ ਸੰਬੰਧ ਵਿਚ ਜਾਂਚ ਕਰ ਰਹੀ ਹੈ।

## ਧਾਰਮਿਕ ਸਥਾਨਾਂ ਦੀ ਸਦਭਾਵਨਾ ਨੂੰ ਭੰਗ ਕਰਨ ਵਾਲੇ ਗਿਰੋਹ ਦੇ 3 ਮੈਂਬਰ ਗ੍ਰਿਫ਼ਤਾਰ

**ਮੋਗਾ/ਲੋਕ ਬਾਣੀ :** ਪੰਜਾਬ ਦੀ ਮੋਗਾ ਪੁਲਿਸ ਵਲੋਂ ਧਾਰਮਿਕ ਸਥਾਨਾਂ ਦੀ ਸਦਭਾਵਨਾ ਨੂੰ ਭੰਗ ਕਰਨ ਵਾਲੇ ਗਿਰੋਹ ਦੇ 3 ਮੈਂਬਰ ਗ੍ਰਿਫ਼ਤਾਰ ਕੀਤੇ ਗਏ ਹਨ . ਜ਼ਿਕਰਯੋਗ ਹੈ ਕਿ 2 ਗ੍ਰਨੇਡ, 2 9 ਐੱਮ. ਐੱਮ. ਪਿਸਤੌਲ, 1 ਮੈਗਜੀਨ ਅਤੇ 18 ਜਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ . ਲੁਧਿਆਣਾ ਦਿਹਾਤੀ ਦੇ ਐੱਸ.ਐੱਸ.ਪੀ. ਚਰਨਜੀਤ ਸਿੰਘ ਸੋਹਲ ਵਲੋਂ ਇਹ ਜਾਣਕਾਰੀ ਦਿੱਤੀ ਗਈ ਹੈ .

## ਇਟਲੀ ਤੋਂ ਆਏ 150 ਯਾਤਰੀਆਂ ਦੀ ਕੋਰੋਨਾ ਰਿਪੋਰਟ ਆਈ ਪਾਜ਼ੀਟਿਵ

**ਰਾਜਾਸਾਂਸੀ/ਲੋਕ ਬਾਣੀ :** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਵਿਖੇ ਅੱਜ ਇਕ ਵਾਰ ਮੁੜ ਕੋਰੋਨਾ ਬੰਬ ਫਟਿਆ ਹੈ, ਇਟਲੀ ਦੇ ਸ਼ਹਿਰ ਮਿਲਾਨ ਤੋਂ ਇੱਥੇ ਪਹੁੰਚੇ ਕਰੀਬ 150 ਯਾਤਰੂਆਂ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਹੈ ‘ਅਜੀਤ’ ਨਾਲ ਗੱਲਬਾਤ ਕਰਦਿਆਂ ਤਹਿਸੀਲਦਾਰ ਅਜਨਾਲਾ ਰਾਜਪ੍ਰਿਤਪਾਲ ਸਿੰਘ ਝਾਵਰ ਨੇ ਦੱਸਿਆ ਕਿ ਇਟਲੀ ਤੋਂ ਆਏ ਇਨ੍ਹਾਂ ਯਾਤਰੂਆਂ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਹੀ ਇਕਾਂਤਵਾਸ ਹੋਣ ਲਈ ਕਿਹਾ ਗਿਆ ਹੈ ਤੇ ਸੰਬੰਧਿਤ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਇਸ ਸੰਬੰਧੀ ਸੂਚਿਤ ਕਰ ਦਿੱਤਾ ਗਿਆ ਹੈ .

## ਰਾਜਾਸਾਂਸੀ ਹਵਾਈ ਅੱਡੇ ਤੋਂ ਭੱਜੇ 13 ਕੋਰੋਨਾ ਪਾਜ਼ੀਟਿਵ ਵਿਅਕਤੀਆਂ ਵਿਚੋਂ 3 ਨੂੰ ਗੁਰੂ ਨਾਨਕ ਦੇਵ ਹਸਪਤਾਲ’ਚ ਕੀਤਾ ਦਾਖਲ

**ਰਾਜਾਸਾਂਸੀ/ਲੋਕ ਬਾਣੀ :** ਬੀਤੇ ਕੱਲ੍ਹ ਇਟਲੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਪਹੁੰਚੇ ਯਾਤਰੂ ਜਿਨ੍ਹਾਂ ਵਿਚੋਂ 125 ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਸੀ , ਜਿਸ ਵਿਚੋਂ 13 ਵਿਅਕਤੀ ਭੱਜ ਗਏ ਸਨ ਇਨ੍ਹਾਂ 13 ਵਿਅਕਤੀਆਂ ਵਿਚੋਂ 3 ਵਿਅਕਤੀਆਂ ਨੂੰ ਘਰਾਂ ਵਿਚ ਵੱਖਰਾ ਕਮਰਾ , ਬਾਥਰੂਮ ਨਾ ਹੋਣ ਕਾਰਨ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਦਾਖਲ ਕਰ ਲਿਆ ਗਿਆ ਹੈ, ਜਦ ਕਿ ਬਾਕੀਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਆਈਸੋਲੇਟ ਕਰ ਦਿੱਤਾ ਗਿਆ ਹੈ।

## ਸਿਵਲ ਸਰਜਨ ਅੰਮ੍ਰਿਤਸਰ ਵਲੋਂ ਹਵਾਈ ਅੱਡੇ ਦੀ ਲੈਬ ਦੀ ਜਾਂਚ ਕਰਨ ਦੇ ਆਦੇਸ

**ਰਾਜਾਸਾਂਸੀ/ਲੋਕ ਬਾਣੀ :** ਅੱਜ ਅੰਮ੍ਰਿਸਰ ਹਵਾਈ ਅੱਡੇ ਉਤੇ ਆਈ ਰੋਮ ਤੋਂ ਆਈ ਫਲਾਈਟ ਵਿਚੋਂ 172 ਯਾਤਰੀਆਂ ਦੇ ਕੋਰੋਨਾ ਪਾਜ਼ੀਟਿਵ ਆਉਣ ਕਾਰਨ ਸਿਵਲ ਸਰਜਨ ਅੰਮ੍ਰਿਤਸਰ ਡਾ. ਚਰਨਜੀਤ ਸਿੰਘ ਨੇ ਹਵਾਈ ਅੱਡੇ ਉਤੇ ਕੰਮ ਕਰਦੀ ਪ੍ਰਾਈਵੇਟ ਲੈਬ ਦੀ ਜਾਂਚ ਕਰਨ ਦੀ ਹਦਾਇਤ ਕੀਤੀ ਹੈ । ਉਨ੍ਹਾਂ ਕਿਹਾ ਕਿ ਅੱਜ 285 ਯਾਤਰੀਆਂ ਵਿਚੋਂ 172 ਦੇ ਕਰੋਨਾ ਪਾਜ਼ੀਟਿਵ ਆਉਣਾ ਲੈਬ ਦੇ ਕੰਮ ਉਤੇ ਸਵਾਲ ਖੜ੍ਹਾ ਕਰਦਾ ਹੈ ਅਤੇ ਲਗਾਤਾਰ ਦੂਸਰੇ ਦਿਨ ਇੰਨੇ ਵਿਅਕਤੀਆਂ ਦਾ ਨਤੀਜਾ ਪਾਜ਼ੀਟਿਵ ਆਉਣ ਕਾਰਨ ਜਿੱਥੇ 75 ਵਿਅਕਤੀਆਂ ਦੇ ਮੁੜ ਟੈਸਟ ਕੀਤੇ ਜਾ ਰਹੇ ਹਨ, ਉਥੇ ਲੈਬ ਦੀ ਜਾਂਚ ਕਰਨ ਦੀ ਹਦਾਇਤ ਕੀਤੀ ਗਈ ਹੈ । ਉਨ੍ਹਾਂ ਇਸ ਬਾਬਤ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਲੈਬ ਦੀ ਜਾਂਚ ਕਰਨ ਲਈ ਕਿਹਾ ਹੈ।

# ਟੋਲ ਪਰਚੀ ਨੂੰ ਲੈ ਕੇ ਦੋ ਕਿਸਾਨ ਜਥੇਬੰਦੀਆਂ ਤੇ ਟੋਲ ਪਲਾਜਾ ਪ੍ਰਬੰਧਕ ਆਹਮੋ-ਸਾਹਮਣੇ

**ਮਹਿਲ ਕਲਾਂ/ਲੋਕ ਬਾਣੀ**

ਟੋਲ ਪਲਾਜਾ ਮਹਿਲ ਕਲਾਂ ਵਿਖੇ ਆਲੇ ਦੁਆਲੇ ਦੇ ਪਿੰਡਾਂ ਨੂੰ ਟੋਲ ਪਰਚੀ ਤੋਂ ਛੋਟ ਦਿਵਾਉਣ ਵਾਸਤੇ 2 ਜਨਵਰੀ ਤੋਂ ਚੱਲ ਰਿਹਾ ਕਿਸਾਨ ਮੋਰਚਾ ਅੱਜ ਪੰਜਵੇਂ ਦਿਨ ‘ਚ ਦਾਖਲ ਹੋ ਗਿਆ . ਇੱਥੇ ਧਰਨਾ ਦੇ ਰਹੀਆਂ ਬੀ.ਕੇ.ਯੂ. ਡਕੌਂਦਾ ਅਤੇ ਬੀ.ਕੇ.ਯੂ. ਕਾਦੀਆਂ ‘ਚ ਜਿੱਥੇ ਆਪਸ ‘ਚ ਕੋਈ ਸਹਿਮਤੀ ਨਹੀਂ ਬਣੀ, ਉੱਥੇ ਟੋਲ ਪਲਾਜਾ ਪ੍ਰਬੰਧਕ ਵਲੋਂ ਟੋ ਟੁੱਕ ਜਵਾਬ ਦੇਣ ਤੋਂ ਬਾਅਦ ਪੇਚ ਹੋਰ ਵੀ ਫਸ ਗਿਆ ਹੈ . ਪ੍ਰਾਪਤ ਜਾਣਕਾਰੀ ਅਨੁਸਾਰ 27 ਦਸੰਬਰ 2021 ਨੂੰ ਬੀ.ਕੇ.ਯੂ.ਉਗਰਾਹਾਂ ਵਲੋਂ ਟੋਲ ਪਲਾਜਾ ਨੇੜਲੇ 6 ਪਿੰਡਾਂ ਨੂੰ ਛੋਟ ਦੇਣ ਦੀ ਮੰਗ ਪ੍ਰਬੰਧਕਾਂ ਅੱਗੇ ਰੱਖੀ ਗਈ ਸੀ . ਜਿਸ ਤੋਂ ਬਾਅਦ 2 ਜਨਵਰੀ ਨੂੰ ਬੀ.ਕੇ.ਯੂ. ਡਕੌਂਦਾ ਨੇ ਟੋਲ ਪਲਾਜਾ ਤੋਂ 10 ਕਿੱਲੋਮੀਟਰ ਅੰਦਰ ਪੈਂਦੇ ਪਿੰਡਾਂ ਨੂੰ ਟੋਲ ਪਰਚੀ ਤੋਂ ਛੋਟ ਦਿਵਾਉਣ ਦੀ ਮੋਰਚਾ ਲਗਾ ਦਿੱਤਾ . ਇਸ ਜਥੇਬੰਦੀ ਅਤੇ ਟੋਲ ਪਲਾਜਾ ਪ੍ਰਬੰਧਕਾਂ ‘ਚ ਅਜੇ ਸਹਿਮਤੀ ਬਣ ਰਹੀ ਸੀ, ਕਿ ਬੀ.ਕੇ.ਯੂ. ਕਾਦੀਆਂ ਨੇ 15 ਕਿੱਲੋਮੀਟਰ ਦੇ ਘੇਰੇ ਅੰਦਰ ਆਉਂਦੇ ਪਿੰਡਾਂ ਦਾ ਟੋਲ ਮੁਫਤ ਕਰਨ ਦੀ ਮੰਗ ਨੂੰ ਲੈ ਕੇ ਰਾਏਕੋਟ ਵਾਲੀ ਸਾਈਡ ਧਰਨਾ ਲਗਾ ਦਿੱਤਾ . ਤਿੰਨਾਂ ਜਥੇਬੰਦੀਆਂ ਵੱਖੋ-ਵੱਖ ਮੰਗ ਪੱਤਰ ਪ੍ਰਬੰਧਕਾਂ ਨੂੰ ਸੌਂਪੇ ਗਏ . ਇਸ ਸਾਰੇ ਘਟਨਾਕ੍ਰਮ ਦੌਰਾਨ ਜਿੱਥੇ ਕਿਸਾਨ ਜਥੇਬੰਦੀਆਂ ਇਕ ਦੂਜੇ ਨੂੰ ਪਛਾੜਨ ‘ਚ ਲੱਗੀਆਂ ਨਜਰ ਆ ਰਹੀਆਂ ਹਨ, ਉੱਥੇ ਹੀ ਟੋਲ ਪਲਾਜਾ ਮਾਲਕਾਂ ਨੇ ਅੱਜ ਪ੍ਰੈੱਸ ਕਾਨਫਰੰਸ ਕਰ ਕੇ ਕਿਸੇ ਵੀ ਪਿੰਡ ਨੂੰ ਟੋਲ ਪਰਚੀ ਤੋਂ ਛੋਟ ਦੇਣ ਬਾਰੇ ਦੋ ਟੁੱਕ ਜਵਾਬ ਦੇ ਦਿੱਤਾ . ਰੋਹਨ ਰਾਜਦੀਪ ਟੋਲਵੇਜ ਲਿਮਟਿਡ ਕੰਪਨੀ ਦੇ ਜਨਰਲ ਮੈਨੇਜਰ ਪ੍ਰਸਾਂਤ ਪ੍ਰੋਹਿਤ ਨੇ ਕਿਹਾ ਕਿ ਅਸੀਂ ਪੀ.ਡਬਲਿਯੂ.ਡੀ. ਨਾਲ ਹੋਏ ਇਕਰਾਰਨਮੇ ਦੇ ਹਿਸਾਬ ਨਾਲ ਕੰਮ ਕਰਦੇ ਹਾਂ, ਜਿਸ ‘ਚ ਕਿਸਾਨਾਂ ਦੀ ਮੰਗ ਅਨੁਸਾਰ ਵਾਹਨਾਂ ਨੂੰ ਛੋਟ ਦੇਣ ਸਬੰਧੀ ਕੋਈ ਵਿਵਸਥਾ ਨਹੀਂ ਹੈ . ਪਰ ਨਿਯਮਾਂ ਅਨੁਸਾਰ ਉਹ ਸਿਰਫ ਟੋਲ ਪਲਾਜਾ ਤੋਂ 5 ਕਿੱਲੋਮੀਟਰ ਘੇਰੇ ‘ਚ ਪੈਂਦੇ ਪਿੰਡਾਂ ਦੇ ਲੋਕਾਂ ਨੂੰ 200 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪਾਸ ਬਣਾ ਕੇ ਦੇ ਸਕਦੇ ਹਨ . ਫਲਿਹਾਲ ਉਨ੍ਹਾਂ ਇਸ ਸਾਰੇ ਘਟਨਾਕ੍ਰਮ ਅਤੇ ਕਿਸਾਨ ਜਥੇਬੰਦੀਆਂ ਦੀਆਂ ਮੰਗਾਂ ਸਬੰਧੀ ਢੁਕਵਾਂ ਹੱਲ ਕੱਢਣ ਅਤੇ ਪੁਲਿਸ ਸੁਰੱਖਿਆ ਮੁਹੱਈਆ ਕਰਵਾਉਣ ਵਾਸਤੇ ਪੀ.ਡਬਲਿਊ.ਡੀ.ਬੀ.ਐਂਡ.ਆਰ. ਨੂੰ ਲਿਖ ਦਿੱਤਾ ਹੈ . ਜਿਵੇਂ ਉਹ ਹਦਾਇਤਾਂ ਜਾਰੀ ਕਰਨਗੇ, ਉਸ ਅਨੁਸਾਰ ਅਗਲਾ ਫੈਸਲਾ ਲਿਆ ਜਾਵੇਗਾ . ਦੂਸਰੇ ਪਾਸੇ ਬੀ.ਕੇ.ਯੂ.ਡਕੌਂਦਾ ਦੇ ਆਗੂ ਮਾ: ਅਮਰਜੀਤ ਸਿੰਘ ਨੇ ਕਿਹਾ ਕਿ ਉਹ ਆਪਣੀਆਂ ਮੰਗਾਂ ‘ਤੇ ਡਟੇ ਹੋਏ ਹਨ, ਪੂਰਾ ਕਰਵਾ ਕੇ ਹੀ ਦਮ ਲੈਣਗੇ . ਕੁੱਝ ਜਥੇਬੰਦੀਆਂ ਵਲੋਂ ਟੋਲ ਪਲਾਜਾ ਪ੍ਰਬੰਧਕਾਂ ਅਤੇ ਭਾਕਿਯੂ ਡਕੌਂਦਾ ਨਾਲ ਚੱਲ ਰਹੀ ਗੱਲਬਾਤ ‘ਚ ਵਿਘਨ ਪਾ ਕੇ ਲੋਕਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ।

# ਜਿਲ੍ਹਾ ਫਾਜ਼ਿਲਕਾ ਦੇ ਬੀਜੇਪੀ ਆਗੂਆਂ ਅਤੇ ਵਰਕਰਾਂ ਨੇ ਡੀਸੀ ਦਫਤਰ ਦੇ ਬਾਹਰ ਲਗਾਇਆ ਪੰਜਾਬ ਸਰਕਾਰ ਦੇ ਵਿਰੁੱਧ ਧਰਨਾ

**ਫਾਜਲਿਕਾ/ਗੌਰਵ ਸਰਮਾ**

ਪਿਛਲੀ 5 /01/2022 ਤਰੀਕ ਨੂੰ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜਪੁਰ ਦੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਫਲੇ ਨੂੰ ਕਾਫੀ ਭਾਰੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਵਿਸਾਲ ਰੈਲੀ ਰੱਦ ਕਰਨੀ ਪਈ ਅਤੇ ਵਾਪਸ ਜਾਣਾ ਪਿਆ । ਇਸ ਤੋਂ ਬਾਅਦ ਦੇਸ ਦੀ ਸਮੁੱਚੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਵਿੱਚ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ । ਅੱਜ ਜਲ੍ਹਿਾ ਫਾਜਲਿਕਾ ਦੇ ਸਮੁੱਚੇ ਬੀਜੇਪੀ ਆਗੂਆਂ ਅਤੇ ਵਰਕਰਾਂ ਨੇ ਫਾਜਲਿਕਾ ਦੇ ਡੀਸੀ ਦਫਤਰ ਦੇ ਬਾਹਰ ਧਰਨਾ ਲਗਾਇਆ ,ਅਤੇ ਡੀਸੀ ਫਾਜਲਿਕਾ ਸ੍ਰੀਮਤੀ ਬਬੀਤਾ ਕਲੇਰ ਨੂੰ ਮੰਗ ਪੱਤਰ ਸੌਂਪਿਆ ਜਿਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਚੰਨੀ ਵੱਲੋਂ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਦੇ ਵਿਚ ਜਾਣ-ਬੁੱਝ ਢਿੱਲ ਵਰਤਨ ਦੇ ਦੋਸ ਲਗਾਏ ਗਏ । ਇਸ ਮੌਕੇ ਪੰਜਾਬ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜੀ ਕੀਤੀ ਗਈ । ਇਸ ਧਰਨੇ ਦੌਰਾਨ ਬੀਜੇਪੀ ਆਗੂਆਂ ਨੇ ਕਿਹਾ ਕਿ ,ਇਹ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਨਾਕਾਮੀ ਹੈ, । ਇਸ ਮੌਕੇ ਜਲ੍ਹਿਾ ਫਾਜਲਿਕਾ ਬੀਜੇਪੀ ਦੇ ਕਈ ਆਗੂ ਅਤੇ ਵਰਕਰ ਹਾਜਰ ਰਹੇ ।



# ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇਸ਼ ਦੀ ਮਹਾਨ ਨਾਇਕਾ ਹੋਈ ਹਨ : ਧਰਪਾਲ ਪੈਂਥਰ

■ ਮਹਾਨ ਸਮਾਜ ਸੁਧਾਰਕ ਅਤੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਮਾਤਾ ਸਾਵਿਤਰੀ ਬਾਈ ਫੂਲੇ ਜੀ ਦੇ 191ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਯੋਜਨ



**ਕਪੂਰਥਲਾ/ਪਰਮਜੀਤ ਸੰਨੀ**

ਡਾ.ਭੀਮ ਰਾਓ ਅੰਬੇਡਕਰ ਟਿਊਸ਼ਨ ਸੈਂਟਰ ਪਿੰਡ ਭਾਗੋਰਾਈਆਂ ਸੁਲਤਾਨਪੁਰ ਲੋਧੀ ਅਤੇ ਬਾਬਾ ਸਾਹਿਬ ਡਾ.ਬੀ.ਆਰ ਅੰਬੇਡਕਰ ਸੁਸਾਇਟੀ ਰਜਿ.ਰੇਲ ਕੋਚ ਫੈਕਟਰੀ, ਕਪੂਰਥਲਾ ਵਲੋਂ ਸਾਂਝੇ ਤੌਰ ਤੇ ਦੇਸ਼ ਵਿੱਚ ਮਹਿਲਾਵਾਂ ਅਤੇ ਅਛੂਤ ਲੋਕਾਂ ਲਈ ਸਿੱਖਿਆ ਦੇ ਦਰਵਾਜੇ ਖੋਲ੍ਹਣ ਵਾਲੀ ਮਹਾਨ ਸਮਾਜ ਸੁਧਾਰਕ ਅਤੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਮਾਤਾ ਸਾਵਿਤਰੀ ਬਾਈ ਫੂਲੇ ਜੀ ਦੇ 191ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਪਿੰਡ ਭਾਗੋਰਾਈਆਂ ਵਿਖੇ ਆਯੋਜਿਤ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਅੰਬੇਡਕਰ ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ, ਸੀਨੀਅਰ ਉਪ ਪ੍ਰਧਾਨ ਸੰਤੋਖ ਰਾਮ ਜਨਾਗਲ, ਅੰਬੇਡਕਰੀ ਚਿੰਤਕ ਨਿਰਵੈਰ ਸਿੰਘ, ਐਸਐਸਈ ਪੂਰਨ ਚੰਦ ਬੋਧ, ਟਿਊਸ਼ਨ ਸੈਂਟਰ ਦੇ ਸੰਚਾਲਕ ਮਨਪ੍ਰੀਤ ਸਿੰਘ ਮੋਨੂੰ ਅਤੇ ਸਮਾਜ ਸੇਵਿਕਾ ਬੀਬੀ ਨਿਰਮਲ ਕੌਰ ਆਦਿ ਨੇ ਸਾਂਝੇ ਤੌਰ ਤੇ ਕੀਤੀ ਮੰਚ ਸੰਚਾਲਨ ਦੀ ਭੂਮਿਕਾ ਬੇਟੀ ਸੁਨੀਤਾ ਨੇ ਨਿਭਾਉਂਦੇ ਹੋਏ ਦੱਸਿਆ ਕਿ ਮਾਤਾ ਸਵਿੱਤਰੀ ਬਾਈ ਫੂਲੇ ਜੀ ਦੇਸ਼ ਦੀ ਮਹਾਨ ਨਾਇਕਾ ਹੋਈ ਹੈ ਜਿਸ ਨੇ ਅੱਜ ਤੋਂ 200 ਸਾਲ ਪਹਿਲਾਂ ਭਾਰਤੀ ਮਹਿਲਾਵਾਂ ਅੰਦਰ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਕ੍ਰਾਂਤੀਕਾਰੀ ਅਗਵਾਈ ਕੀਤੀ। ਇਸ ਸ਼ੁੱਭ ਮੌਕੇ ਤੇ ਡਾ. ਬੀ.ਆਰ.ਅੰਬੇਦਕਰ ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ, ਚਿੰਤਕ ਨਿਰਵੈਰ ਸਿੰਘ ਅਤੇ ਪੂਰਨ ਚੰਦ ਬੋਧ ਨੇ ਸਾਂਝੇ ਤੌਰ ’ਤੇ ਮਾਤਾ ਸਾਵਿਤਰੀ ਬਾਈ ਫੂਲੇ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਮਾਤਾ ਜੀ ਨੇ ਉਸ ਸਮੇਂ ਦਲਿਤਾਂ, ਪੱਛੜਿਆਂ ਤੇ ਔਰਤਾਂ ਲਈ ਸੰਘਰਸ ਕੀਤਾ ਜਦੋ ਮਹਿਲਾਵਾਂ ਨੂੰ ਘਰ ਦੀ ਚਾਰ ਦੀਵਾਰੀ ਅਤੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਕੀਤਾ ਹੋਇਆ ਸੀ। ਮਰਦ ਪ੍ਰਧਾਨ ਸਮਾਜ ਦਾ ਬੋਲਬਾਲਾ ਸੀ ਅਤੇ ਜਗ ਜਨਨੀ ਨੂੰ ਪੈਰ ਦੀ ਜੁੱਤੀ ਕਿਹਾ ਜਾਂਦਾ ਸੀ। ਮਾਤਾ ਜੀ ਨੇ ਕਿਹਾ ਸੀ ਕਿ ਅਗਿਆਨਤਾ ਹੀ ਸਾਰੇ ਦੁੱਖਾਂ ਦਾ ਕਾਰਣ ਹੈ, ਅਗਿਆਨਤਾ ਨੂੰ ਸਿੱਖਿਆ ਦੇ ਨਾਲ ਹੀ ਖਤਮ ਕੀਤਾ ਜਾ ਸਕਦਾ ਹੈ। ਜਿਸ ਕਰਕੇ ਉਨ੍ਹਾਂ ਨੇ ਸੰਦੇਸ਼ ਦਿੱਤਾ ਸੀ ਸਿੱਖਿਆ ਲਉ ਅਤੇ ਸਿੱਖਿਆ ਦਿਉ। ਬੇਸ਼ੱਕ ਰੂੜ੍ਹੀਵਾਦੀ ਲੋਕਾਂ ਵੱਲੋਂ ਮਾਤਾ ਜੀ ਨੂੰ ਤੰਗ-ਪ੍ਰੇਸਾਨ ਕੀਤਾ ਜਾਂਦਾ ਸੀ ਪਰ ਉਹ ਲੱਖ ਮੁਸੀਬਤਾਂ ਝੱਲਦੇ ਹੋਏ ਆਪਣੇ ਮਿਸ਼ਨ ਤੇ ਅਡੋਲ ਰਹੀ। ਜਦੋਂ ਉਹ ਸਕੂਲ ਪੜ੍ਹਾਉਣ ਜਾਂਦੀ ਸੀ ਤਾਂ ਰਸਤੇ ਵਿੱਚ ਉਸ ‘ਤੇ ਗਾਰਾ ਅਤੇ ਗੋਹਾ ਸੁੱਟਿਆ ਜਾਂਦਾ ਸੀ।ਮਾਤਾ ਜੀ ਨੇ ਲੜਕੀਆਂ ਦੇ ਬਚਪਨ ‘ਚ ਕੀਤੇ ਜਾਂਦੇ ਵਿਆਹ ਅਤੇ ਸਤੀ ਪ੍ਰਥਾ ਦਾ ਡੱਟ ਕੇ ਵਿਰੋਧ ਕੀਤਾ ਸੀ। ਆਪਣੇ ਜੀਵਨ ਕਾਲ ਵਿੱਚ ਵਿਧਵਾਵਾਂ ਅਤੇ ਬੇਸਹਾਰਾ ਲੋਕਾਂ ਲਈ ਆਸਰਮ ਅਤੇ 18 ਸਕੂਲ ਖੋਲ੍ਹੇ।

# 7.22 ਕਰੋੜ ਦੀ ਲਾਗਤ ਨਾਲ ਸਿਵਲ ਹਸਪਤਾਲ ਰਾਏਕੋਟ ਵਿੱਚ ਬਣਨ ਵਾਲੇ 30 ਬਿਸਤਰਿਆਂ ਦੇ ਜੱਚਾ ਵਾਰਡ ਦੀ ਉਸਾਰੀ ਦਾ ਪਾਰਲੀਮੈਂਟ ਮੈਂਬਰ ਡਾ. ਅਮਰ ਸਿੰਘ ਨੇ ਰੱਖਿਆ ਨੀਂਹ ਪੱਥਰ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਪੰਜਾਬ ਸਰਕਾਰ ਵਲੋਂ ਰਾਏਕੋਟ ਦੇ ਸਿਵਲ ਹਸਪਤਾਲ ਨੂੰ ਆਧੁਨਿਕ ਸਿਹਤ ਸਹੂਲਤਾਂ ਨਾਲ ਲੈੱਸ ਕਰਨ ਲਈ 10.25 ਕਰੋੜ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਦੇ ਤਹਿਤ 7.22 ਕਰੋੜ ਦੀ ਲਾਗਤ ਨਾਲ ਸਿਵਲ ਹਸਪਤਾਲ ਵਿੱਚ ਬਣਨ ਵਾਲੇ 30 ਬਿਸਤਰਿਆਂ ਦੇ ਜੱਚਾ ਵਾਰਡ ਦੀ ਉਸਾਰੀ ਦਾ ਨੀਂਹ ਪੱਥਰ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਵਲੋਂ ਰੱਖਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਲੁਧਿਆਣਾ ਵਰਿੰਦਰ ਸ਼ਰਮਾਂ, ਹਲਕਾ ਇੰਚਾਰਜ ਕਾਮਿਲ ਬੋਪਾਰਾਏ, ਡਾ. ਗੀਤਾ (ਜ਼ਿਲ੍ਹਾ ਪਰਿਵਾਰ ਨਿਯੋਜ਼ਨ ਅਫਸਰ), ਐਸ.ਡੀ.ਐਮ ਗੁਰਵੀਰ ਸਿੰਘ ਕੋਹਲੀ ਤੋਂ ਇਲਾਵਾ ਐਸ.ਐਮ.ਓ ਡਾ. ਅਲਕਾ ਮਿੱਤਲ ਸਮੇਤ ਹੋਰ ਕਈ ਪਤਵੰਤੇ ਹਾਜ਼ਰ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਰਾਏਕੋਟ ਹਲਕੇ ਵਿੱਚ ਸਿਹਤ ਅਤੇ ਸਿੱਖਿਆ ਵਿੱਚ ਲੋੜੀਂਦਾ ਸੁਧਾਰ ਕਰਨ ਸੀ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਰਾਏਕੋਟ ਸਿਵਲ ਹਸਪਤਾਲ ਨੂੰ ਆਧੁਨਿਕ ਸਿਹਤ ਸਹੂਲਤਾਂ ਨਾਲ ਲੈੱਸ ਕਰਨ ਲਈ ਸਰਕਾਰ ਕੋਲ ਬੇਨਤੀ ਕੀਤੀ, ਜਿਸ ਨੂੰ ਮੰਜ਼ੂਰ ਕਰਦੇ ਹੋਏ ਪੰਜਾਬ ਸਰਕਾਰ ਵਲੋਂ ਸਿਵਲ ਹਸਪਤਾਲ ਵਿੱਚ 30 ਬਿਸਤਰਿਆਂ ਵਾਲਾ ਇਕ ਜੱਚਾ ਬੱਚਾ ਵਾਰਡ ਬਣਾਉਣ ਤੋਂ ਇਲਾਵਾ ਸਿਵਲ ਹਸਪਤਾਲ ਦੀ ਇਮਾਰਤ ਨੂੰ ਵੀ ਅਪਗ੍ਰੇਡ ਕਰਕੇ ਚਾਰ ਹੋਰ ਵਾਰਡ ਬਣਾਏ ਜਾਣਗੇ, ਜਿਸ ਨਾਲ ਹਸਪਤਾਲ ਦੀ ਸਮਰੱਥਾ ਵੱਧ ਕੇ 84 ਬਿਸਤਰਿਆਂ ਦੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹਸਪਤਾਲ ਵਿੱਚ ਅਧੁਨਿਕ ਆਕਸੀਜ਼ਨ ਪਲਾਂਟ ਵੀ ਸਥਾਪਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜੱਚਾ ਬੱਚਾ ਵਾਰਡ ਬਣਨ ਨਾਲ ਰਾਏਕੋਟ ਅਤੇ ਨੇੜਲੇ ਇਲਾਕੇ ਦੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਉਨ੍ਹਾਂ ਨੂੰ ਦੂਰ ਪ੍ਰਾਈਵੇਟ ਹਸਪਤਾਲਾਂ ਵਿੱਚ ਮਹਿੰਗਾ ਇਲਾਜ ਕਰਵਾਉਣ ਲਈ ਮਜ਼ਬੂਰ ਨਹੀ ਹੋਣਾ ਪਵੇਗਾ। ਇਸ ਸਬੰਧੀ ਵਿਭਾਗ ਦੇ ਐਸ.ਡੀ.ਓ ਇਕਬਾਲ ਸਿੰਘ ਖੋਸਾ ਨੇ ਦੱਸਿਆ ਕਿ ਜੱਚਾ ਬੱਚਾ ਵਾਰਡ ਦੀ ਉਸਾਰੀ ਤੇ 7.22 ਕਰੋੜ, ਸਿਵਲ ਹਸਪਤਾਲ ਦੀ ਇਮਾਰਤ ਨੂੰ ਅਪਗ੍ਰੇਡ ਕਰਨ 'ਤੇ 1.26 ਕਰੋੜ ਦੀ ਲਾਗਤ ਆਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਪ੍ਰਧਾਨ ਸੁਦਰਸ਼ਨ ਕੁਮਾਰ ਜੋਸ਼ੀ, ਸੀਨੀਅਰ ਫਾਰਮੇਸੀ ਅਫਸਰ ਜਸਵਿੰਦਰ ਸਿੰਘ ਵਾਲੀਆ, ਬਲਜੀਤ ਸਿੰਘ ਹਲਵਾਰਾ, ਓ.ਐਸ.ਡੀ ਜਗਪ੍ਰੀਤ ਸਿੰਘ ਬੁੱਟਰ, ਕੌਂਸਲਰ ਮੁਹੰਮਦ ਇਮਰਾਨ, ਕੌਂਸਲਰ ਗੁਰਦਾਸ ਮਾਨ, ਕੌਂਸਲਰ ਗੁਰਜੰਟ ਸਿੰਘ, ਕੌਂਸਲਰ ਰਜਿੰਦਰ ਰਾਜੂ, ਕੇਕੇ ਸ਼ਰਮਾਂ, ਸੁਮਨਦੀਪ ਦੀਪਾ, ਨਰੈਣ ਦੱਤ ਕੋਸ਼ਿਕ, ਸੁਖਵੀਰ ਰਾਏ, ਨੰਬਰਦਾਰ ਅਮਰਜੀਤ ਸਿੰਘ, ਜੋਗਿੰਦਰਪਾਲ ਮੱਕੜ ਤੋਂ ਇਲਾਵਾ ਹੋਰ ਕਈ ਹਾਜ਼ਰ ਸਨ।

# ਸੱਤਾ 'ਚ ਬੈਠੀ ਟਰਾਂਸਫਰ-ਪੋਸਟਿੰਗ ਦਾ ਕਾਰੋਬਾਰ ਚਲਾਉਣ ਵਾਲੀ ਪਾਰਟੀ ਕਦੇ ਵੀ ਪੰਜਾਬ ਦੀ ਰਾਖੀ ਨਹੀਂ ਕਰ ਸਕਦੀ : ਰਿੰਪੀ ਸ਼ਰਮਾ



**ਕਪੂਰਥਲਾ/ਪਰਮਜੀਤ ਸੰਨੀ**

ਭਾਜਪਾ ਦੀ ਜਿਲ੍ਹਾ ਸਕੱਤਰ ਰਿੰਪੀ ਸ਼ਰਮਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜਪੁਰ ਰੈਲੀ ਦੌਰਾਨ ਹੋਏ ਘਟਨਾਕ੍ਰਮ ਦੀ ਸਖਤ ਨਿਖੇਧੀ ਕੀਤੀ ਹੈ।ਰਿੰਪੀ ਸ਼ਰਮਾ ਨੇ ਪੀ.ਐਮ.ਮੋਦੀ ਦੀ ਸੁਰੱਖਿਆ ਚ ਕੁਤਾਹੀ ਨੂੰ ਲੈ ਕੇ ਪੰਜਾਬ ਸਰਕਾਰ ਤੇ ਹਮਲਾ ਬੋਲਿਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪ੍ਰਧਾਨ ਮੰਤਰੀ ਮੋਦੀ ਦੀ ਮਹਿਮਾਨ ਨਿਵਾਜੀ ਤੇ ਨਹੀਂ ਆਈ,ਪੀ.ਐੱਮ.ਮੋਦੀ ਤਾਂ 42 ਹਜਾਰ ਕਰੋੜ ਦੇ ਪ੍ਰਾਜੈਕਟ ਅਤੇ ਹੋਰ ਐਲਾਨ ਕਰਨ ਲਈ ਪੰਜਾਬ ਆਏ ਸਨ।ਉਨ੍ਹਾਂ ਕਿਹਾ ਕਿ ਪੀ.ਐੱਮ.ਮੋਦੀ ਨਾਲ ਜੋ ਪੰਜਾਬ ਸਰਕਾਰ ਨੇ ਕੀਤਾ ਹੈ,ਉਸ ਦੀ ਹਰ ਪਾਸੇ ਨਿੰਦਾ ਹੋ ਰਹੀ ਹੈ।ਉਨ੍ਹਾਂ ਦੱਸਿਆ ਕਿ ਹੁਸੈਨੀਵਾਲਾ ਸਰਹੱਦ ਤੋਂ ਥੋੜ੍ਹੀ ਦੂਰੀ ਤੇ ਹੈ,ਜਿੱਥੇ ਪ੍ਰਧਾਨ ਮੰਤਰੀ ਮੋਦੀ ਦਾ ਕਾਫਲਾ ਕਰੀਬ 20 ਮਿੰਟ ਤੱਕ ਖੜ੍ਹਾ ਰਿਹਾ।ਜੇਕਰ ਇਸ ਦੌਰਾਨ ਕੋਈ ਵੱਡੀ ਘਟਨਾ ਵਾਪਰ ਜਾਂਦੀ ਤਾਂ ਪੰਜਾਬ ਦੇ ਲੋਕਾਂ ਨੂੰ ਕਿਤੇ ਵੀ ਮੂੰਹ ਦਿਖਾਉਣ ਜੋਗਾ ਨਹੀਂ ਸੀ ਹੋਣਾ।ਉਨ੍ਹਾਂ ਕਿਹਾ ਕਿ ਪੀ.ਐਮ.ਮੋਦੀ ਦੀ ਸੁਰੱਖਿਆ ਚ ਕੁਤਾਹੀ ਪੰਜਾਬ ਸਰਕਾਰ ਦੀ ਵੱਡੀ ਭੁੱਲ ਹੈ।ਉਨ੍ਹਾਂ ਦੋਸ ਲਾਇਆ ਕਿ ਪੀ.ਐੱਮ.ਮੋਦੀ ਦਾ ਘਿਰਾਓ ਕਰਨ ਵਾਲੇ ਕੋਈ ਕਿਸਾਨ ਨਹੀਂ,ਸਗੋਂ ਸਾਰੇ ਕਾਂਗਰਸ ਦੇ ਸਮਰਥਨ ਵਾਲੇ ਲੋਕ ਸਨ।ਇਸ ਸਾਰੀ ਘਟਨਾ ਨੂੰ ਲੈ ਕੇ ਰਿੰਪੀ ਸ਼ਰਮਾ ਨੇ ਰੰਧਾਵਾ,ਸਿੱਧੂ ਅਤੇ ਚੰਨੀ ਤੇ ਵੀ ਤਿੱਖੇ ਹਮਲੇ ਕੀਤੇ।ਇਸ ਘਟਨਾ ਦੇ ਮੱਦੇਨਜਰ ਰਿੰਪੀ ਸ਼ਰਮਾ ਨੇ ਸੂਬੇ ਚ ਰਾਸਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ ਹੈ।ਸੁਰਜੇਵਾਲਾ ਦੇ ਬਿਆਨ 'ਤੇ ਰਿੰਪੀ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦਾ ਬਿਆਨ ਬਿਲਕੁਲ ਬੇਬੁਨਿਆਦ ਹੈ।ਰੈਲੀ ਵਾਲੀ ਥਾਂ ਤੇ ਭੀੜ ਇਕੱਠੀ ਨਾ ਕਰਨ ਦੇ ਸਵਾਲ ਤੇ ਰਿੰਪੀ ਸ਼ਰਮਾ ਨੇ ਕਿਹਾ ਕਿ ਸਾਡੇ ਵਰਕਰਾਂ ਨੂੰ ਰਸਤੇ ਚ ਹੀ ਰੋਕ ਲਿਆ ਗਿਆ ਸੀ,ਜਿਸ ਕਾਰਨ ਉਹ ਰੈਲੀ ਵਾਲੀ ਥਾਂ ਤੇ ਭੀੜ ਇਕੱਠੀ ਨਹੀਂ ਕਰ ਸਕੇ।ਉਨ੍ਹਾਂ ਨੇ ਸੀ.ਐੱਮ.ਚੰਨੀ ਤੇ ਹਮਲਾ ਬੋਲਦਿਆਂ ਕਿਹਾ ਕਿ ਤਿੰਨ ਮਹੀਨਿਆਂ ਦੀ ਸਰਕਾਰ ਦੌਰਾਨ ਪੰਜਾਬ ਕਾਂਗਰਸ ਨੂੰ ਸਰਕਸ ਬਣਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕਦੇ ਚੰਨੀ ਭੰਗੜਾ ਪਾਉਣ ਲੱਗ ਪੈਂਦਾ ਹੈ ਅਤੇ ਕਦੇ ਫੁੱਟਬਾਲ ਖੇਡਣ ਲੱਗ ਜਾਂਦਾ ਹੈ ਤੇ ਠੋਕੋ ਟੇਲੀ ਤੋਂ ਅੱਗੇ ਨਹੀਂ ਵਧਦਾ ਸਾਰਾ ਮਜਾਕ ਬਣਾਕੇ ਰੱਖ ਦਿੱਤਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਨੂੰ ਪੰਜਾਬ ਦੇ ਅਕਸ ਅਤੇ ਮਾਣ-ਸਨਮਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।ਸਿਰਫ ਕੁਰਸੀ ਲਈ ਆਪਸ ਵਿੱਚ ਲੜ ਰਹੇ ਹਨ।ਰਿੰਪੀ ਸ਼ਰਮਾ ਨੇ ਦੋਸ ਲਾਇਆ ਕਿ ਸੂਬੇ ਦੇ ਗ੍ਰਹਿ ਮੰਤਰੀ ਤੇ ਪੈਸੇ ਲੈ ਕੇ ਪੁਲੀਸ ਅਧਿਕਾਰੀਆਂ ਦੀਆਂ ਬਦਲੀਆਂ-ਪੋਸਟਿੰਗ ਦੇ ਦੋਸ ਲਾਏ ਜਾ ਰਹੇ ਹਨ ਅਤੇ ਤਿੰਨ ਮਹੀਨਿਆਂ ਵਿੱਚ ਤੀਜੀ ਵਾਰ ਡੀਜੀਪੀ ਦੀ ਬਦਲੀ ਹੋਣ ਵਾਲੀ ਹੈ।ਮੁੱਖ ਮੰਤਰੀ 'ਤੇ ਖੁਦ ਮਾਫੀਆ ਨਾਲ ਮਿਲੇ ਹੋਣ ਦਾ ਦੋਸ ਹੈ।ਅਜਿਹੀ ਸਰਕਾਰ ਤੋਂ ਚੰਗੇ ਸਾਸਨ ਅਤੇ ਲੋਕਾਂ ਦੀ ਸੁਰੱਖਿਆ ਦੀ ਆਸ ਕਰਨੀ ਵਿਅਰਥ ਹੈ।ਸੱਤਾ 'ਚ ਬੈਠੀ ਟਰਾਂਸਫਰ-ਪੋਸਟਿੰਗ ਦਾ ਕਾਰੋਬਾਰ ਚਲਾਉਣ ਵਾਲੀ ਪਾਰਟੀ ਕਦੇ ਵੀ ਪੰਜਾਬ ਦੀ ਰਾਖੀ ਨਹੀਂ ਕਰ ਸਕਦੀ।

# ਸ਼ਹੀਦ ਭਾਈ ਹਾਕਮ ਸਿੰਘ ਬਬਰ ਉਰਫ ਭਾਈ ਬਘੇਲ ਸਿੰਘ ਬਬਰ ਦੀ ਸਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ



**ਲੁਧਿਆਣਾ/ਲੋਕ ਬਾਣੀ**

ਗੁਰਦੁਆਰਾ ਗੌਂਸਗੜ੍ਹ ਰਾਹੋਂ ਰੋਡ ਲੁਧਿਆਣਾ ਵਿਖੇ ਫਾਈਟ ਫਾਰ ਰਾਇਟ ਸੁਸਾਇਟੀ (ਰਜਿ) ਵਲੋਂ ਸਿੱਖ ਸੰਘਰਸ ਦੌਰਾਨ ਵਡਮੁੱਲਾ ਯੋਗਦਾਨ ਪਾਉਣ ਵਾਲੇ ਸਹੀਦ ਭਾਈ ਹਾਕਮ ਸਿੰਘ ਬਬਰ ਉਰਫ ਭਾਈ ਬਘੇਲ ਸਿੰਘ ਬਬਰ ਦੀ ਸਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ,ਖ਼ੂਨਦਾਨ ਕੈਂਪ ਅਤੇ ਸਿੱਖ ਇਤਿਹਾਸ ਪ੍ਰਦਰਸਨੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਦੇਖ ਰੇਖ ਹੇਠ ਮਨੁੱਖਤਾ ਦੇ ਭਲੇ ਲਈ 495ਵਾਂ ਮਹਾਨ ਖ਼ੂਨਦਾਨ ਕੈਂਪ ਫਾਈਟ ਫਾਰ ਰਾਇਟ ਸੁਸਾਇਟੀ (ਰਜਿ) ਦੀ ਪ੍ਰਧਾਨ ਐਡਵੋਕੇਟ ਬੀਬੀ ਸਿਮਰਨਜੀਤ ਕੌਰ ਗਿੱਲ ਦੇ ਪੂਰਨ ਸਹਿਯੋਗ ਨਾਲ ਲਗਾਇਆ ਗਿਆ।

ਇਸ ਮੋਕੇ ਤੇ ਫਾਈਟ ਫਾਰ ਰਾਇਟ ਦੀ ਪ੍ਰਧਾਨ ਐਡਵੋਕੇਟ ਬੀਬੀ ਸਿਮਰਨਜੀਤ ਕੌਰ ਗਿਲ ਨੇ ਆਪਣੇ ਪਿਤਾ ਸਹੀਦ ਭਾਈ ਹਾਕਮ ਸਿੰਘ ਬਬਰ ਉਰਫ ਭਾਈ ਬਘੇਲ ਸਿੰਘ ਬਬਰ ਦੀ ਸਹਾਦਤ ਤੇ ਚਾਨਣ ਪਾਉਂਦਿਆ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਟੈਂਕਾਂ ਤੋਪਾਂ ਨਾਲ ਹੋਏ ਹਮਲਾ ਬਰਦਾਸਤ ਨਾ ਕਰ ਸਕੇ ਅਤੇ ਉਹ ਪੰਜਾਬ ਦੇ ਹਕਾ ਦੇ ਲਈ ਚਲ ਰਹੇ ਸਿੱਖ ਸੰਘਰਸ ਦੌਰਾਨ ਸਹਾਦਤ ਦਾ ਜਾਮ ਪੀਤਾ।ਐਡਵੋਕੇਟ ਬੀਬੀ ਸਿਮਰਨਜੀਤ ਕੌਰ ਗਿੱਲ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਸਹੀਦ ਭਾਈ ਹਾਕਮ ਸਿੰਘ ਬਬਰ ਉਰਫ ਭਾਈ ਬਘੇਲ ਸਿੰਘ ਬਬਰ ਹਮੇਸਾ ਦੇਸ,ਕੌਮ,ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਮੋਹਰੀ ਹੋ ਕੇ ਸੇਵਾ ਕਰਦੇ ਸਨ ਇਸ ਮੌਕੇ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਜਿਲ੍ਹਾ ਮਾਨਸਾ ਦੇ ਪ੍ਰਧਾਨ ਭਾਈ ਰਸਪ੍ਰੀਤ ਸਿੰਘ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ 50 ਬਲਡ ਯੂਨਿਟ ਪ੍ਰੀਤ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿੱਚ ਬਲਡ ਲੈਕੇ ਦਿਤਾ ਜਾਵੇਗਾ। ਇਸ ਮੌਕੇ ਤੇ ਐਡਵੋਕੇਟ ਰਮਨਦੀਪ ਕੌਰ ਭੱਠਲ,ਹਰਮਿਲਾਪ ਸਿੰਘ ਮਾਨ,ਕਰਨ ਕਲਸੀ,ਸੁੱਖਵਿੰਦਰ ਸਿੰਘ, ਬਨਾਂ ਗਿਲ ਹਜਾਰ ਸਨ।

# ਕਾਮਿਲ ਬੋਪਾਰਾਏ ਨੇ ਪਿੰਡ ਬੁਰਜ ਹਰੀ ਸਿੰਘ ਦੇ ਖਿਡਾਰੀਆਂ ਨੂੰ ਦਿੱਤਾ ਜਿੰਮ ਦਾ ਸਮਾਨ ਤੇ ਵੰਡੀਆਂ ਖੇਡ ਕਿੱਟਾਂ

■ ਸਰਪੰਚ ਭੁਪਿੰਦਰ ਕੌਰ ਤੇ ਪ੍ਰਧਾਨ ਪ੍ਰਦੀਪ ਗਰੇਵਾਲ ਨੇ ਕੀਤਾ ਧੰਨਵਾਦ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਪਾਰਲੀਮੈਂਟ ਮੈਂਬਰ ਡਾਕਟਰ ਅਮਰ ਸਿੰਘ ਤੇ ਹਲਕਾ ਇੰਚਾਰਜ ਕਾਮਿਲ ਬੋਪਾਰਾਏ ਵੱਲੋਂ ਪਿੰਡਾਂ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮਕਸਦ ਲਈ ਖੇਡਾਂ ਦਾ ਸਮਾਨ ਵੱਖ-ਵੱਖ ਪਿੰਡਾਂ 'ਚ ਵੰਡਿਆ ਜਾ ਰਿਹਾ ਹੈ। ਇਸੇ ਤਹਿਤ ਵਿਧਾਨ ਸਭਾ ਹਲਕਾ ਰਾਏਕੋਟ ਦੇ ਪਿੰਡ ਬੁਰਜ ਹਰੀ ਸਿੰਘ ਵਿਖੇ ਸਰਪੰਚ ਭੁਪਿੰਦਰ ਕੌਰ ਦੀ ਅਗਵਾਈ ਹੇਠ ਜਿੰਮ ਅਤੇ ਖੇਡਾਂ ਦਾ ਸਮਾਨ ਵੰਡ ਸਮਾਗਮ ਕਰਵਾਇਆ ਗਿਆ। ਇਸ ਵੰਡ ਸਮਾਗਮ ਦੌਰਾਨ ਜਾਣਕਾਰੀ ਦਿੰਦਿਆਂ ਹਲਕਾ ਇੰਚਾਰਜ ਕਾਮਿਲ ਬੋਪਾਰਾਏ ਨੇ ਦੱਸਿਆ ਕਿ ਨੌਜਵਾਨਾਂ ਦੀ ਸਿਹਤ ਦਾ ਖਾਸ ਧਿਆਨ ਰੱਖਦਿਆਂ ਅਤੇ ਨੌਜਵਾਨਾਂ ਪ੍ਰਤੀ ਆਪਣਾ ਫਰਜ ਅਦਾ ਕਰਦਿਆਂ ਹੋਇਆ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਜਿਮ ਅਤੇ ਖੇਡਾਂ ਦਾ ਸਾਮਾਨ ਵੰਡਿਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਸਬੰਧੀ ਪਿੰਡ ਦੇ ਸਪੋਰਟਸ ਕਲੱਬ ਦੇ ਨੌਜਵਾਨਾਂ ਨੇ ਸਰਪੰਚ ਭੁਪਿੰਦਰ ਕੌਰ ਤੇ ਕਲੱਬ ਪ੍ਰਧਾਨ ਪ੍ਰਦੀਪ ਗਰੇਵਾਲ ਰਾਹੀਂ ਉਨਾਂ ਨਾਲ ਮੁਲਾਕਾਤ ਕਰਕੇ ਜਿੰਮ ਅਤੇ ਕਸਰਤ ਦੇ ਸਾਮਾਨ ਨੂੰ ਲੈ ਕੇ ਗੱਲਬਾਤ ਕੀਤੀ ਸੀ ਜਿਸਤੇ ਉਹਨਾਂ ਵੱਲੋਂ ਕਲੱਬ ਦੇ ਨੌਜਵਾਨਾਂ ਨੂੰ ਜਿੰਮ ਦਾ ਸਮਾਨ ਵੀ ਵੰਡਿਆ ਅਤੇ ਖੇਡ ਕਿੱਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਦੌਰਾਨ ਸਰਪੰਚ ਭੁਪਿੰਦਰ ਕੌਰ ਕਿਹਾ ਕਿ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ ਤੇ ਹਲਕਾ ਇੰਚਾਰਜ ਕਾਮਿਲ ਬੋਪਾਰਾਏ ਦੇ ਯਤਨਾਂ ਸਦਕਾ ਹੀ ਪਿੰਡ ਦੇ ਖੇਡ ਗਰਾਉਡ ਦਾ ਨਵੀਨੀਕਰਨ ਕੀਤਾ ਗਿਆ ਹੈ ਤੇ ਨਾਲ ਹੀ ਵੱਡੀਆਂ ਸਰਚ ਲਾਈਟਾਂ ਲਗਵਾਈਆ ਜਾ ਚੁੱਕੀਆਂ ਹਨ ਜਿਸਤੇ ਉਨ੍ਹਾਂ ਪੂਰੇ ਪਿੰਡ ਵੱਲੋਂ ਕਾਮਿਲ ਬੋਪਾਰਾਏ ਦਾ ਧੰਨਵਾਦ ਕੀਤਾ ਗਿਆ।ਉਨਾਂ ਅੱਗੇ ਪਿੰਡ ਦੇ ਨੌਜਵਾਨਾਂ ਨੂੰ ਆਖਿਆ ਕਿ ਸਮੂਹ ਪੰਚਾਇਤ ਤੇ ਸਪੋਰਟਸ ਕਲੱਬ ਦੇ ਮੈਂਬਰ ਤੇ ਪ੍ਰਧਾਨ ਪ੍ਰਦੀਪ ਗਰੇਵਾਲ ਵਧਾਈ ਦੇ ਪਾਤਰ ਹਨ ਜੋ ਪਿੰਡ ਦੇ ਨੌਜਵਾਨਾਂ ਦੀ ਭਲਾਈ ਅਤੇ ਉਨਾਂ ਦੀ ਤੰਦਰੁਸਤੀ ਲਈ ਪਿੰਡ ਵਿੱਚ ਜਿੰਮ ਸਥਾਪਿਤ ਕਰਨ 'ਚ ਕਾਮਯਾਬ ਹੋਏ ਹਨ। ਉਹਨਾਂ ਕਲੱਬ ਮੈਂਬਰਾਂ ਨੂੰ ਬੇਨਤੀ ਕੀਤੀ ਉਹ ਪਿੰਡ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਸਰਤ ਅਤੇ ਖੇਡਾਂ ਵੱਲ ਪ੍ਰੇਤਿ ਕਰਨ ਤਾਂ ਕਿ ਉਹ ਆਪਣੇ ਪਿੰਡ,ਜ਼ਿਲ੍ਹੇ ਅਤੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਇਸ ਸਮੇਂ ਕਲੱਬ ਸਰਪ੍ਰਸਤ ਨੀਟੂ ਗਿੱਲ, ਪੰਚ ਪ੍ਰੀਤਮ ਸਿੰਘ, ਪੰਚ ਸੁਖਦੇਵ ਸਿੰਘ, ਗੁਰਦੀਪ ਸਿੰਘ, ਲੈਂਬਰ ਸਿੰਘ, ਦਲਵਾਰਾ ਸਿੰਘ, ਨਛੱਤਰ ਸਿੰਘ, ਗੁਰਦੇਵ ਸਿੰਘ, ਵਿੱਕੀ ਗਿੱਲ, ਨਰਵੀਰ ਸਿੰਘ, ਗੁਰਜੀਤ ਗਰੇਵਾਲ, ਬਲਦੀਪ ਗਰੇਵਾਲ, ਬਲਰਾਜ ਗਰੇਵਾਲ, ਰੇਸ਼ਮ ਸਿੰਘ, ਹਰਮੇਲ ਸਿੰਘ, ਛਿੰਦਾ ਗਿੱਲ, ਅਮਨਦੀਪ ਸਿੰਘ, ਗਗਨ ਗਿੱਲ, ਆਕਾਸ਼ ਬਾਵਾ, ਹਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਸੁਖਪਾਲ ਗਰੇਵਾਲ ਆਦਿ ਹਾਜ਼ਰ ਸਨ।

# ਲੋਹੜੀ ਦਾ ਤਿਉਹਾਰ ਝੁੱਗੀ ਝੌਂਪੜੀ ਸਕੂਲ ਵਿੱਚ 12 ਜਨਵਰੀ ਨੂੰ ਕੌਂਸਲਰ ਗੁਰਮੀਤ ਨਾਗਪਾਲ ਅਤੇ ਸੰਜੀਵ ਸ਼ਰਮਾ ਦੀ ਅਗਵਾਈ ਵਿਚ ਮਨਾਇਆ ਜਾਵੇਗਾ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਅਧਾਰ ਦਿ ਫਾਊਂਡੇਸ਼ਨ ਵੱਲੋਂ ਇੱਕ ਮਹੱਤਵਪੂਰਣ ਮੀਟਿੰਗ ਦਾ ਆਯੋਜਨ ਪ੍ਰਧਾਨ ਮਹਿੰਦਰ ਅਰੋੜਾ ਅਤੇ ਚੇਅਰਮੈਨ ਪੁਸ਼ਕਰਰਾਜ ਸਿੰਘ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਹਾਜਰ ਰਹੇ। ਮੀਟਿੰਗ ਦੌਰਾਨ ਸਾਲ 2022 ਦੌਰਾਨ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਵੱਖ ਵੱਖ ਸਮਾਜ ਭਲਾਈ ਦੇ ਕੰਮਾਂ ਸਬੰਧੀ ਇੱਕ ਪ੍ਰਧਾਨ ਮਹਿੰਦਰ ਅਰੋੜਾ ਵੱਲੋਂ ਰਿਪੋਰਟ ਪੇਸ਼ ਕੀਤੀ ਗਈ ਜਿਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਗਿਆ। ਇਸੇ ਤਰ੍ਹਾਂ ਸੰਸਥਾ ਵੱਲੋਂ ਹਰ ਸਾਲ ਮਨਾਏ ਜਾਣ ਵਾਲੇ ਲੋਹੜੀ ਦੇ ਤਿਉਹਾਰ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਪੁਸ਼ਕਰਰਾਜ ਸਿੰਘ ਨੇ ਦੱਸਿਆ ਕਿ ਇਸ ਵਾਰ ਸੰਸਥਾ ਵੱਲੋਂ ਇਹ ਤਿਉਹਾਰ ਝੁੱਗੀ ਝੌਂਪੜੀ ਸਕੂਲ ਵਿੱਚ 12 ਜਨਵਰੀ ਨੂੰ ਕੌਂਸਲਰ ਗੁਰਪ੍ਰੀਤ ਨਾਗਪਾਲ ਅਤੇ ਸੰਜੀਵ ਸ਼ਰਮਾ ਦੀ ਅਗਵਾਈ ਵਿਚ ਮਨਾਇਆ ਜਾ ਰਿਹਾ ਹੈ। ਸੰਸਥਾ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਆਉਂਦੇ ਦਿਨਾਂ ਵਿੱਚ ਸੰਸਥਾ ਦੀ ਬਾਡੀ ਦਾ ਵਿਸਥਾਰ ਕਰਦੇ ਹੋਏ ਨਵੀਆਂ ਨਿਯੁਕਤੀਆਂ ਵੀ ਕੀਤੀਆਂ ਜਾਣਗੀਆਂ ਅਤੇ ਕੋਰ ਕਮੇਟੀ ਦਾ ਵੀ ਗਠਨ ਕੀਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਬਲਜੀਤ ਕੌਰ, ਹਰੀਸ਼ ਮਹਿੰਦਰੂ, ਯੁਧਵੀਰ ਸ਼ਰਮਾ, ਗੁਰਪ੍ਰੀਤ ਨਾਗਪਾਲ, ਹਰਵਿੰਦਰ ਸ਼ੰਟੂ ਅਤੇ ਸੰਜੀਵ ਸ਼ਰਮਾ ਵੀ ਹਾਜਰ ਸਨ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੈਲੀ ਵਿੱਚ ਜਾਣ ਦੀ ਬਜਾਏ ਇੱਕ ਰਾਜਨੀਤਿਕ ਡਰਾਮਾ ਰਚਕੇ ਵਾਪਸ ਦਿੱਲੀ ਨੂੰ ਕੂਚ ਕੀਤਾ : ਚੇਅਰਮੈਨ ਗੋਂਦਵਾਲ



**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਦੀ ਅਣਗਹਿਲੀ ਭਾਜਪਾ ਦੀ ਇੱਕ ਸੋਚੀ ਸਮਝੀ ਰਣਨੀਤੀ ਦਾ ਇੱਕ ਹਿੱਸਾ ਹੈ, ਤਾਂ ਕਿ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਨੂੰ ਬੇਇੱਜਤ ਕੀਤਾ ਜਾ ਸਕੇ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਰਾਏਕੋਟ ਦੇ ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ ਨੇ ਇੱਕ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਹਰ ਪਾਸੇ ਸ਼ਾਂਤੀ ਅਤੇ ਸੁਰੱਖਿਆ ਦਾ ਮਾਹੌਲ ਅਤੇ ਸਰਕਾਰ ਪੂਰੀ ਤਰ੍ਹਾਂ ਚੌਕਸ ਹੈ।

ਚੇਅਰਮੈਨ ਗੋਂਦਵਾਲ ਨੇ ਕਿਹਾ ਕਿ ਭਾਜਪਾ ਵੱਲੋਂ ਜੋ ਫਿਰੋਜਪੁਰ ਵਿਖੇ ਰੈਲੀ ਕੀਤੀ ਜਾ ਰਹੀ ਸੀ, ਉਸ ਵਿੱਚ ਉਨ੍ਹਾਂ ਨੇ ਕੁਰਸੀਆਂ ਤਾਂ 70 ਹਜ਼ਾਰ ਲਗਾਈਆਂ ਸਨ, ਪਰ ਰੈਲੀ 'ਚ ਲੋਕ ਇੱਕ ਹਜ਼ਾਰ ਤੋਂ ਵੀ ਘੱਟ ਆਏ, ਜਿਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੈਲੀ ਵਿੱਚ ਜਾਣ ਦੀ ਬਜਾਏ ਇੱਕ ਰਾਜਨੀਤਿਕ ਡਰਾਮਾ ਰਚਿਆ ਅਤੇ ਅਚਾਨਕ ਆਪਣਾ ਰੂਟ ਬਦਲ ਲਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫਿਰੋਜਪੁਰ ਆਮਦ ਨੂੰ ਲੈ ਕੇ 10 ਹਜ਼ਾਰ ਤੋਂ ਵਧੇਰੇ ਸੁਰੱਖਿਆ ਕਰਮੀ ਉਨ੍ਹਾਂ ਦੀ ਸੁਰੱਖਿਆ ਵਿੱਚ ਲਗਾਏ ਗਏ ਸਨ, ਐਸ.ਪੀ.ਜੀ, ਬੀਐਸਐਫ,ਆਈਬੀ ਅਤੇ ਕੇਂਦਰ ਦਾ ਗ੍ਰਹਿ ਮੰਤਰਾਲਾ ਲੱਗਿਆ ਹੋਵੇ ਤਾਂ ਫਿਰ ਸੁਰੱਖਿਆ ਵਿੱਚ ਅਣਗਹਿਲੀ ਕਿਵੇਂ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਦੇ ਰੂਟ ਪਲੈਨ ਵਿੱਚ ਹੁਸੈਨੀਵਾਲਾ ਜਾਣ ਦਾ ਰੂਟ ਸ਼ਾਮਲ ਨਹੀਂ ਸੀ ਫਿਰ ਕਿਵੇਂ ਉਨ੍ਹਾਂ ਦਾ ਮੌਕੇ ਤੇ ਇਹ ਰੂਟ ਬਣ ਗਿਆ, ਜਦੋਂ ਪ੍ਰਧਾਨ ਮੰਤਰੀ ਦੀ ਸਾਰੀ ਜ਼ਿੰਮੇਵਾਰੀ ਐਸਪੀਜੀ ਸਕਿਓਰਿਟੀ ਦੇ ਅਧੀਨ ਹੁੰਦੀ ਹੈ ਫਿਰ ਪੰਜਾਬ ਪੁਲਿਸ ਨੇ ਕਿਹੜੀ ਸੁਰੱਖਿਆ ਵਿੱਚ ਅਣਗਹਿਲੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਅਜਿਹਾ ਪ੍ਰਦੇਸ਼ ਹੈ ਜਿੱਥੇ ਦੇ ਜਵਾਨ ਅਤੇ ਕਿਸਾਨ ਦੋਵੇਂ ਇੱਕ ਬਰਾਬਰ ਹਨ, ਸੂਬੇ ਦੇ ਨੌਜਵਾਨ ਦੇਸ਼ ਲਈ ਜਾਨਾਂ ਵਾਰਦੇ ਹਨ ਅਤੇ ਕਿਸਾਨ ਦੇਸ਼ ਲਈ ਅਨਾਜ ਪੈਦਾ ਕਰਦੇ ਹਨ, ਉਨ੍ਹਾਂ ਪੰਜਾਬ ਨੂੰ ਬਿਨ੍ਹਾ ਕਿਸੇ ਵਜ੍ਹਾ ਤੋਂ ਬਦਨਾਮ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਇਸ ਮੌਕੇ ਰਮੇਸ਼ ਧੀਰ, ਕੌਂਸਲਰ ਮੁਹੰਮਦ ਇਮਰਾਨ, ਕੌਂਸਲਰ ਕਮਲਜੀਤ ਵਰਮਾਂ, ਕੌਂਸਲਰ ਗੁਰਦਾਸ ਮਾਨ, ਸਤਪਾਲ ਵਰਮਾਂ, ਵਿਨੋਦ ਜੈਨ (ਪੁਜਾਰੀ ਫੀਡ), ਪ੍ਰਭਦੀਪ ਸਿੰਘ ਨਾਰੰਗਵਾਲ, ਪ੍ਰਦੀਪ ਸਿੰਘ ਗਰੇਵਾਲ, ਮਨਪ੍ਰੀਤ ਸਿੰਘ, ਇੰਦਰਜੀਤ ਸਿੰਘ, ਬਲਜੀਤ ਸਿੰਘ, ਸੁਦਾਗਰ ਸਿੰਘ, ਰਾਜ ਕੁਮਾਰ, ਕਾਲੂ ਵਰਮਾਂ, ਅਮਰੀਕ ਸਿੰਘ ਸੰਧੂ, ਭੁਪਿੰਦਰ ਸਿੰਘ ਟੋਨੀ, ਗੁਰਪ੍ਰੀਤ ਸਿੰਘ, ਮਹਿੰਦਰ ਸਿੰਘ, ਜਸਮਿੰਦਰ ਸਿੰਘ ਪਿੱਲਾ, ਚੰਨਾ ਸਿੰਘ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਆਉਣ ਵਾਲੀ ਸਰਕਾਰ ਹੋਵੇਗੀ ਆਮ ਆਦਮੀ ਪਾਰਟੀ ਦੀ : ਲਾਡੀ ਢੋਸ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**



ਜਿਵੇਂ ਜਿਵੇਂ 2022 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਉਦਾਂ ਹੀ ਹਰ ਪਾਰਟੀ ਦੀ ਸਥਿਤੀ ਸਾਫ ਹੋ ਰਹੀ ਹੈ।ਹਲਕਾ ਧਰਮਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਪੱਤਰਕਾਰਾਂ ਨਾਲ ਵਿਸੇਸ ਗੱਲਬਾਤ ਕਰਦੇ ਹੋਏ ਕਿਹਾ ਕੇ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਆਮ ਆਦਮੀ ਪਾਰਟੀ ਦੀ ਹੋਵੇਗੀ।ਪੰਜਾਬ ਵਾਸੀ ਲਗਾਤਾਰ ਮਾੜੀਆਂ ਸਰਕਾਰਾਂ ਦਾ ਜੁਲਮ ਸਹਿੰਦੇ ਆ ਰਹੇ ਹਨ।ਪਹਿਲੀ ਵਾਰ ਦੇਸ ਦੀ ਰਾਜਧਾਨੀ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ ਉਸਤੋਂ ਬਾਅਦ ਲਗਾਤਾਰ ਉਥੇ ਆਮ ਆਦਮੀਂ ਪਾਰਟੀ ਦੀ ਸਰਕਾਰ ਹੀ ਬਣ ਰਹੀ ਹੈ ਕਿਉਂਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਨੇ ਲੋਕਾਂ ਦੀ ਸਹੂਲਤ ਲਈ ਜਰੂਰੀ ਸਾਰੇ ਕੰਮ ਪਹਿਲ ਦੇ ਅਧਾਰ ਉੱਤੇ ਕਰੇ ਹਨ।ਇਹਨਾ ਸਾਰੇ ਕੰਮਾਂ ਨੇ ਦਿੱਲੀ ਵਾਸੀਆਂ ਦਾ ਜੀਵਨ ਸੁਖਾਲਾ ਕਰ ਦਿੱਤਾ ਹੈ।ਇਸਲਈ ਦਿੱਲੀ ਵਾਸੀ ਆਮ ਆਦਮੀ ਪਾਰਟੀ ਤੇ ਪੂਰਾ ਭਰੋਸਾ ਕਰਦੇ ਹਨ ਅਤੇ ਇਸ ਵਾਰ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਜੋ ਪੰਜਾਬ ਦੇ ਸੁਨਹਿਰੇ ਦਿਨਾਂ ਨੂੰ ਵਾਪਿਸ ਲੈ ਕੇ ਆਵੇਗੀ।ਇਸ ਮੌਕੇ ਓਹਨਾਂ ਨਾਲ ਬਲਾਕ ਪ੍ਰਧਾਨ ਅਮਨ ਪੰਡੋਰੀ,ਬਲਾਕ ਪ੍ਰਧਾਨ ਬਲਜਿੰਦਰ ਸਿੰਘ ਮਹਿਰੋਂ,ਬਲਾਕ ਪ੍ਰਧਾਨ ਐਡਵੋਕੇਟ ਗੁਰਪ੍ਰੀਤ ਕੰਬੋਜ,ਬਲਾਕ ਪ੍ਰਧਾਨ ਬਲਦੇਵ ਬਲਖੰਡੀ ਮੌਜੂਦ ਰਹੇ।

# ਮਾਇਕ੍ਰੋ ਫਾਇਨੈਂਸ ਉਧਯੋਗ ਪਾਣੀ ਅਤੇ ਸਫਾਈ ਦੀ ਸਮਸਿਆ ਨੂੰ ਦੂਰ ਕਰ ਗਾਹਕਾਂ ਨੂੰ ਦੇ ਰਿਹਾ ਹੈ ਮਜਬੂਤੀ

**ਮਾਨਸਾ/ਲੋਕ ਬਾਣੀ**

ਪਿੱਛਲੇ ਦਿਨਾਂ ਵਿਸ਼ਵ ਸੇਹਤ ਸੰਗਠਨ ਅਤੇ ਯੁਨਿਸੇਫ ਦੀ ਇਕ ਸਾਂਝੀ ਰਿਪੋਰਟ ਦੇ ਅਨੁਸਾਰ ਵਿਸ਼ਵ ਵਿਚ 785 ਮਿਲਿਅਨ ਲੋਕਾਂ ਨੂੰ ਮੂਲਭੁਤ ਪੀਣ ਦੇ ਪਾਣੀ ਦੀ ਘਾਟ ਹੈ। ਇਸਦੇ ਇਲਾਵਾ ਦੋ ਬਿਲਿਅਨ ਲੋਕਾਂ ਕੋਲ ਟਾਇਲੈਟਾਂ ਦੀ ਸੁਵਿਧਾ ਤਕ ਨਹੀਂ ਹੈ। ਇਸੇ ਤਰ੍ਹਾਂ 1.38 ਬਿਲਿਅਨ ਦੀ ਅਬਾਦੀ ਵਾਲੇ ਦੇਸ਼ ਭਾਰਤ ਵਿਚ 229 ਲੋਕਾਂ ਨੂੰ ਸਫਾਈ ਦੀ ਘਾਟ ਦੇ ਚਲਦੇ ਖੂਲੇ ਵਿਚ ਟਾਇਲੇਟ ਕਰਣ ਦੇ ਕਾਰਣ ਕਈ ਬੀਮਾਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਦਿਸ਼ਾ ਵਿਚ ਮਾਇਕ੍ਰੋ ਫਾਇਨੈਂਸ ਉਧਯੋਗ ਨੂੰ ਇਨ੍ਹਾਂ ਮੁਦਿਆਂ ਦੇ ਪ੍ਰਤੀ ਸੈਂਸਟਿਵ ਹੋਣ ਦੇ ਨਾਲ ਨਾਲ ਲੋਕਾਂ ਦੀ ਵਿੱਤੀ ਦੂਰਿਆਂ ਕਮ ਕਰਣ ਵਿਚ ਸੌਖੇ ਲੋਨ ਉਪਲੱਬਧ ਕਰਵਾਉਣ ਵਿਚ ਪਰਿਆਸਰਤ ਹੈ। ਇਹ ਉਧਯੋਂਗ 'ਵਾਸ਼ ਲੋਨ' ਨੂੰ ਉਤਸ਼ਾਹਤ ਕਰ ਰਿਹਾ ਹੈ ਜਿਸ ਵਿਚ ਸਾਫ ਪਾਣੀ ਦੀ ਉਪਲੱਬਧਤ ਦੇ ਨਾਲ ਨਾਲ ਘੱਟ ਇੰਕਮ ਵਾਲੇ ਘਰਾਂ ਨੂੰ ਇੰਕਮ ਦੇ ਸਰੋਤ ਨੂੰ ਵਾਧਾ ਦੇਣ ਵਿਚ ਸਹਾਇਕ ਹੂੰਦੀ ਹੈ। ਐਮਫਿਨ ਦੇ ਸੀਈਉ ਅਤੇ ਨਿਦੇਸ਼ਕ ਡਾਕਟਰ ਆਲੋਕ ਮਿਸ਼ਰਾ ਨੇ ਦਸਿਆ ਕਿ ਇਸ ਦਿਸ਼ਾ ਵਿਚ ਪਰਿਆਸਰਤ ਕਈ ਸੰਗਠਨਾ ਜਿਵੇਂ ਵਾਟਰ ਡਾਟ ਔਰਗ ਦੇ ਨਾਲ ਹੱਥ ਮਿਲਾਕੇ ਕਿਫਾਇਤੀ ਫਾਇਨੈਂਸਿੰਗ ਦੁਆਰਾ ਪਾਣੀ ਉਪਲੱਬਧ ਕਰਵਾ ਉਨ੍ਹਾਂ ਅਤੇ ਦੇਸ਼ ਦੀ ਉਨੰਤੀ ਵਿਚ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। ਇਹ ਲੋਨ ਘਰਾਂ ਵਿਚ ਵਾਟਰ ਕੁਨੇਕਸ਼ਨ, ਪਾਇਪਡ ਵਾਟਰ, ਬੋਰਵੈਲ, ਹੈਂਡਪੰਪ, ਰੁਫਟਾਪ ਰੇਨਵਾਟਰ ਹਾਰਵੇਸਟਿੰਗ, ਨਵੇਂ ਟਾਇਲਟਾਂ ਦਾ ਨਿਰਮਾਣ ਆਦਿ ਵਿਚ ਸਹਾਇਕ ਹਨ ਇਹ ਸੈਕਟਰ ਲੋਕਾਂ ਨੂੰ ਸਫਾਈ ਅਤੇ ਸਾਫ ਪੀਣ ਦੇ ਪਾਣੀ ਦੇ ਪ੍ਰਤੀ ਸਫਲਤਾਪੂਰਕ ਸਜਗਤਾ ਪ੍ਰਦਾਨ ਕਰਵਾ ਰਿਹਾ ਹੈ। ਕ੍ਰੇਡਿਟ ਐਕਸੇਸ ਗ੍ਰਾਮੀਣ 'ਵਾਟਰ ਲੋਨ' ਦੇ ਲਈ 1555.88 ਕਰੌੜ ਰੁਪਏ ਦਾ ਲੋਨ ਜਦਕਿ 'ਸੇਨਿਟੇਸ਼ਨ ਲੋਨ' ਦੇ ਲਈ 115.29 ਕਰੋੜ ਦੇ ਲੋਨ ਵੰਡ ਚੁਕਿਆ ਹੈ ਜਿਸ ਵਿਚ ਅਕਤੂਬਰ 2021 ਤਕ 9,02,492 ਅਤੇ 2,15,602 ਗਾਹਕਾਂ ਨੂੰ ਕ੍ਰਮਵਾਰ ਲਾਭ ਮਿਲਿਆ ਹੈ। ਇਸੇ ਤਰ੍ਹਾਂ ਫਿਯੂਜਨ ਮਾਇਕ੍ਰੋਫਾਇਨੈਂਸ ਨੇ ਕੁੜਿਆਂ ਦੇ ਲਈ ਸਰਕਾਰੀ ਸਕੂਲਾਂ ਵਿਚ ਟਾਇਲੈਟ ਦਾ ਨਿਰਮਾਣ ਕੀਤਾ ਜਿਸ ਵਿਚ 6 ਸੁਬਿਆਂ ਵਿਚ 8,256 ਨੂੰ ਲਾਭ ਮਿਲਿਆ। ਇਸੇ ਤਰ੍ਹਾਂ ਕੰਪਨੀ ਨੇ ਆਰਓ ਸਥਾਪਤ ਕਰ ਚਾਰ ਸੁਬਿਆਂ ਦੇ 2244 ਵਿਦਿਆਰਥੀਆਂ ਤਕ ਅਪਣੀ ਪਹੁੰਚ ਬਣਾਕੇ ਟਾਇਲੈਟ ਮੋਡਿਫਿਕੇਸ਼ਨ, ਨਵੇਂ ਟਾਇਲੈਟ ਦਾ ਨਿਰਮਾਣ, ਟਾਇਲੈਟ ਪਲੰਬਿੰਗ, ਪ੍ਰਬੰਧਨ ਆਦਿ ਸੇਵਾਵਾਂ ਪ੍ਰਦਾਨ ਚੁਕਿਆ ਹੈ।

# ਧਾਰਾ 376 ਡੀ ਅਤੇ ਪੋਕਸੋ ਐਕਟ ਦੇ ਮੁਕੱਦਮੇ ਚੋ ਰਵੀਕਰਨ ਸਿੰਘ ਦੀ ਬੇਗੁਨਾਹੀ ਸਾਬਿਤ

■ ਝੂਠਾ ਮੁਕੱਦਮਾ ਦਰਜ ਕਰਨ ਵਾਲੇ ਡੀ. ਐਸ. ਪੀ ਕੁਲਜਿੰਦਰ ਸਿੰਘ ਵਿਰੁੱਧ ਕਾਰਵਾਈ ਕਰਵਾਉਣ ਲਈ ਹਾਈ ਕੋਰਟ ਦਾ ਖੜਕਾਇਆ ਜਾਵੇਗਾ ਦਰਵਾਜਾ : ਰਵੀਕਰਨ



**ਪੱਟੀ/ਲੋਕ ਬਾਣੀ**

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਵੀ ਕਰਨ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਪੱਟੀ ਪੁਲਿਸ ਵਲੋਂ 23 ਸਤੰਬਰ 2020 ਨੂੰ ਇੱਕ ਮੁਕੱਦਮਾ ਜੁਰਮ 3/4/5/6/7 ਬਦਕਾਰੀ ਐਕਟ 1956 ਪੀ , 376 ਡੀ , 384 / 342/506/120 – ਬੀ ਆਈ.ਪੀ.ਸੀ 3,4,6 ਪੋਕਸੋ ਐਕਟ ਤਹਿਤ ਦਰਜ ਕੀਤਾ ਗਿਆ ਸੀ । ਰਵੀ ਕਰਨ ਨੇ ਕਿਹਾ ਮੇਰੇ ਪਿਤਾ ਨਵਦੀਪ ਸਿੰਘ ਜੋ ਮੌਜੂਦਾ ਸਰਕਾਰ ਦੇ ਨੁਮਾਇੰਦਿਆਂ ਦੇ ਕਾਲੇ ਕਾਰਨਾਮਿਆਂ ਨੂੰ ਜਨਤਾ ਸਾਹਮਣੇ ਲਿਓਂਦੇ ਹਨ ਅਤੇ ਉਸ ਰੰਜਿਸ਼ ਤਹਿਤ ਹਲਕਾ ਪੱਟੀ ਦੇ ਮੌਜੂਦਾ ਸੱਤਾਧਾਰੀ ਆਗੂਆ ਦੀ ਸ਼ਹਿ ਤੇ ਡੀ.ਐਸ.ਪੀ ਕੁਲਜਿੰਦਰ ਸਿੰਘ ਅਤੇ ਥਾਣਾ ਸਿਟੀ ਪੱਟੀ ਪੁਲਿਸ ਨੇ ਮੇਰੇ ਵਿਰੁੱਧ ਵੀ ਮੁਕੱਦਮਾ ਦਰਜ ਕੀਤਾ ਸੀ । ਉਸ ਮੁਕੱਦਮੇ ਸਬੰਧੀ ਜਦੋ ਡੀ. ਜੀ. ਪੀ ਪੰਜਾਬ ਪਾਸੋ ਇਨਸਾਫ ਦੀ ਮੰਗ ਕੀਤੀ ਗਈ ਤਾਂ ਐਸ.ਐਸ.ਪੀ ਤਰਨ ਤਾਰਨ ਨੇ ਐਸ.ਪੀ ਗੁਰਬਾਜ ਸਿੰਘ ਨੂੰ ਮੁਕੱਦਮੇ ਸਬੰਧੀ ਜਾਂਚ ਪੜਤਾਲ ਕਰਨ ਦੇ ਹੁਕਮ ਦਿੱਤੇ ਜਿਸ ਵਿੱਚ ਐਸ. ਪੀ ਗੁਰਬਾਜ ਸਿੰਘ ਵਲੋਂ ਪਡਤਾਲ ਕੀਤੀ ਗਈ ਅਤੇ ਸਾਰੀ ਸੱਚਾਈ ਸਾਹਮਣੇ ਆ ਗਈ ਅਤੇ ਡੀ. ਐਸ. ਪੀ ਕੁਲਜਿੰਦਰ ਸਿੰਘ ਵਲੋਂ ਜੋ ਮੇਰੇ ਵਿਰੁੱਧ ਦੋਸ਼ ਲਗਾਏ ਗਏ ਸਨ ਉਹ ਸਾਬਿਤ ਨਾ ਹੋਣ ਕਾਰਨ ਮੈਨੂੰ ਮੁਕੱਦਮੇ ਚੋ ਬੇਗੁਨਾਹ ਕਰ ਦਿੱਤਾ ਗਿਆ । ਰਵੀਕਰਨ ਸਿੰਘ ਨੇ ਕਿਹਾ ਕਿ ਇਸ ਝੂਠੇ ਮੁਕੱਦਮੇ ਕਾਰਨ ਮੇਰੀ ਪੜਾਈ ਵੀ ਖਰਾਬ ਹੋਈ ਹੈ ਅਤੇ ਸਮਾਜ ਵਿਚ ਕਾਫੀ ਬਦਨਾਮੀ ਹੋਈ ਹੈ ਤੇ ਹੁਣ ਮੇਰੇ ਵਲੋਂ ਡੀ. ਐਸ. ਪੀ ਕੁਲਜਿੰਦਰ ਸਿੰਘ , ਐਸ.ਐਚ.ਓ ਅਜੈ ਕੁਮਾਰ ਅਤੇ ਹੋਰ ਥਾਣਾ ਸਿਟੀ ਪੱਟੀ ਦੇ ਅਧਿਕਾਰੀ ਜਿਹਨਾਂ ਨੇ ਇਸ ਝੂਠੇ ਮੁਕੱਦਮੇ ਚ ਮੈਨੂੰ ਫਸਾਇਆ ਓਹਨਾ ਸਾਰਿਆ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਦਾ ਦਰਵਾਜਾ ਖੜਕਾਇਆ ਜਾਵੇਗਾ । ਰਵੀਕਰਨ ਸਿੰਘ ਨੇ ਸ਼੍ਰੀ ਗੁਰਬਾਜ ਸਿੰਘ ਐਸ.ਪੀ ਤਰਨ ਤਾਰਨ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਮੁਕੱਦਮੇ ਦੀ ਜਾਂਚ ਕਰਕੇ ਮੈਨੂੰ ਇਨਸਾਫ ਦਿਵਾਇਆ ।

# ਵਿਧਾਇਕ ਸੰਜੇ ਤਲਵਾੜ ਵੱਲੋਂ ਹਲਕਾ ਪੂਰਬੀ 'ਚ ਨਵੀਂ ਪੁਲਿਸ ਚੌਂਕੀ ਵਸਨੀਕਾਂ ਨੂੰ ਸਮਰਪਿਤ

## ਕਿਹਾ ! ਸ਼ਰਾਰਤੀ ਅਨਸਰਾਂ 'ਤੇ ਕਾਬੂ ਪਾਉਣ 'ਚ ਮਿਲੇਗੀ ਮਦਦ

**ਲੁਧਿਆਣਾ/ਸੁਖਚੈਨ ਮਹਿਰਾ**



ਲੁਧਿਆਣਾ ਪੂਰਬੀ ਦੇ ਵਿਧਾਇਕ ਸ੍ਰੀ ਸੰਜੇ ਤਲਵਾੜ ਵੱਲੋਂ ਲੋਕਾ ਨੂੰ ਸਾਫ-ਸੁਥਰਾ ਸੁਰੱਖਿਅਤ ਮਾਹੌਲ ਦੇਣ ਅਤੇ ਸ਼ਰਾਰਤੀ ਅਨਸਰਾਂ ਵੱਲੋਂ ਕੀਤੀਆ ਜਾਂਦੀਆ ਵੱਖ-ਵੱਖ ਵਾਰਦਾਤਾ ਨੂੰ ਰੋਕਣ ਲਈ ਕੀਤੇ ਜਾ ਰਹੇ ਉੱਪਰਾਲਿਆ ਦੇ ਤਹਿਤ ਅੱਜ ਹਲਕਾ ਪੂਰਬੀ ਵਿੱਚ ਪੈਂਦੇ ਸੁਭਾਸ਼ ਨਗਰ ਮੁੱਹਲੇ ਵਿੱਚ ਸਥਾਪਤ ਸ਼ਮਸਾਨ ਘਾਟ ਦੇ ਕੋਲ ਟਿੱਬਾ ਥਾਣੇ ਦੇ ਅਧੀਨ ਇੱਕ ਨਵੀ ਪੁਲਿਸ ਚੌਂਕੀ ਬਣਾਕੇ ਜਨਤਾ ਨੂੰ ਸਮਰਪਿਤ ਕੀਤੀ ਅਤੇ ਟਿੱਬਾ ਥਾਣੇ ਦੀ ਬਣੀ ਹੋਈ ਪੁਰਾਣੀ ਅਤੇ ਛੋਟੀ ਬਿਲਡਿੰਗ ਵਿੱਚ ਸੁਧਾਰ ਕਰਕੇ ਇਸ ਦੇ ਨਾਲ ਨਵੀ ਬਿਲਡਿੰਗ ਬਨਾਉਣ ਦਾ ਨੀਹ ਪੱਥਰ ਰੱਖਿਆ ਗਿਆ।

- ਹਲਕਾ ਪੂਰਬੀ 'ਚ ਪੈਂਦੇ ਵੱਖ-ਵੱਖ ਵਾਰਡਾਂ ਦੇ ਮੁੱਖ ਚੌਕਾਂ ਤੇ ਸੜਕਾਂ ਤੇ ਲੱਗਣ ਵਾਲੇ ਕੈਮਰਿਆ ਦਾ ਵੀ ਕੀਤਾ ਉਦਘਾਟਨ

ਇਹ ਨੀਹ ਪੱਥਰ ਵਿਧਾਇਕ ਸ੍ਰੀ ਸੰਜੇ ਤਲਵਾੜ, ਪੁਲਿਸ ਕਮਿਸ਼ਨਰ ਸ. ਗੁਰਪ੍ਰੀਤ ਸਿੰਘ ਭੁੱਲਰ ਆਈ.ਪੀ.ਐਸ., ਸੰਯੁਕਤ ਪੁਲਿਸ ਕਮਿਸ਼ਨਰ ਸ.ਰਵਚਰਨ ਸਿੰਘ ਬਰਾੜ ਪੀ.ਪੀ.ਐਸ ਵੱਲੋਂ ਆਪਣੇ ਕਰ ਕਮਲਾ ਨਾਲ ਰੱਖਿਆ ਗਿਆ। ਇਸ ਤੋਂ ਇਲਾਵਾ ਹਲਕਾ ਪੂਰਬੀ ਵਿੱਚ ਪੈਂਦੇ ਵੱਖ-ਵੱਖ ਵਾਰਡਾ ਦੇ ਮੁੱਖ ਚੌਕਾਂ ਅਤੇ ਸੜਕਾਂ ਤੇ ਲੱਗਣ ਵਾਲੇ ਕੈਮਰਿਆ ਦਾ ਉਦਘਾਟਨ ਵੀ ਕੀਤਾ ਗਿਆ।

ਇਸ ਮੌਕੇ ਵਿਧਾਇਕ ਸ੍ਰੀ ਸੰਜੇ ਤਲਵਾੜ ਨੇ ਦੱਸਿਆ ਕਿ ਟਿੱਬਾ ਥਾਣੇ ਅਧੀਨ ਕਾਫੀ ਜਿਆਦਾ ਮੁੱਹਲੇ ਪੈਂਦੇ ਹਨ ਜਿਸ ਕਰਕੇ ਇਸ ਇਲਾਕੇ ਵਿੱਚ ਸ਼ਰਾਰਤੀ ਅਨਸਰ ਵੱਖ-ਵੱਖ ਤਰ੍ਹਾਂ ਦੀਆ ਵਾਰਦਾਤਾਂ ਕਰਨ ਵਿੱਚ ਕਾਫੀ ਸਰਗਰਮ ਰਹਿੰਦੇ ਸਨ ਅਤੇ ਇਲਾਕੇ ਦਾ ਵਿਸਥਾਰ ਜ਼ਿਆਦਾ ਹੋਣ ਕਰਕੇ ਪੁਲਿਸ ਦੇ ਅੱਕਸ ਨੂੰ ਵੀ ਢਾਹ ਲੱਗਦੀ ਸੀ ਕਿਉਕਿ ਅਪਰਾਧੀ ਇਸ ਗੱਲ ਤੋਂ ਜਾਣੂੰ ਸਨ ਕਿ ਪੁਲਿਸ ਨੂੰ ਉਨ੍ਹਾਂ ਕੋਲ ਪਹੁੰਚਣ ਵਿੱਚ ਸਮਾਂ ਲੱਗੇਗਾ, ਜਿਸ ਕਰਕੇ ਉਹ ਵਾਰਦਾਤ ਨੂੰ ਬੜੀ ਅਸਾਨੀ ਨਾਲ ਅੰਜਾਮ ਦੇ ਕੇ ਭੱਜ ਜਾਂਦੇ ਸਨ ਅਤੇ ਜਨਤਾ ਵਿੱਚ ਕਾਫੀ ਡਰ ਦਾ ਮਾਹੌਲ ਬਣਿਆ ਰਹਿੰਦਾ ਸੀ। ਪੁਲਿਸ ਵਿਭਾਗ ਵੱਲੋਂ ਕਾਫੀ ਦੇਰ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਜੇਕਰ ਟਿੱਬਾ ਥਾਣੇ ਦੇ ਅਧੀਨ ਨਵੀਂ ਚੌਂਕੀ ਬਣਾ ਦਿੱਤੀ ਜਾਵੇ, ਤਾਂ ਸ਼ਰਾਰਤੀ ਅਨਸਰਾ ਤੇ ਕਾਬੂ ਪਾਉਣਾ ਪੁਲਿਸ ਵਿਭਾਗ ਲਈ ਸੋਖਾ ਹੋ ਜਾਵੇਗਾ। ਪੁਲਿਸ ਵਿਭਾਗ ਦੀ ਮੰਗ ਨੂੰ ਪੁਰਾ ਕਰਦੇ ਹੋਏ ਅੱਜ ਸੁਭਾਸ਼ ਨਗਰ ਮੁੱਹਲੇ ਵਿੱਚ ਬਣੇ ਹੋਏ ਸ਼ਮਸਾਨ ਘਾਟ ਅਤੇ ਸਰਕਾਰੀ ਹਸਪਤਾਲ ਦੇ ਨਾਲ ਨਵੀ ਪੁਲਿਸ ਚੋਕੀ ਬਣਾ ਕੇ ਜਨਤਾ ਨੂੰ ਸਮਰਪਿਤ ਕੀਤੀ ਗਈ ਹੈ।

ਵਿਧਾਇਕ ਤਲਵਾੜ ਨੇ ਦੱਸਿਆ ਕਿ ਹਲਕਾ ਪੂਰਬੀ ਦੇ ਟਿੱਬਾ ਥਾਣੇ ਦੀ ਇਮਾਰਤ ਕਾਫੀ ਛੋਟੀ ਅਤੇ ਪੁਰਾਣੀ ਬਣੀ ਹੋਈ ਸੀ ਅਤੇ ਇਸ ਥਾਣੇ ਵਿੱਚ ਆਉਣ ਵਾਲੇ ਲੋਕਾਂ ਨੂੰ ਅਤੇ ਸਟਾਫ ਨੂੰ ਕਾਫੀ ਸਹੂਲਤਾ ਦੀ ਜਰੂਰਤ ਸੀ। ਕੁੱਝ ਮਹੀਨੇ ਪਹਿਲਾ ਉਨ੍ਹਾ ਇਸ ਥਾਣੇ ਦਾ ਦੌਰਾ ਕੀਤਾ ਤਾਂ ਉਨ੍ਹਾ ਮਹਿਸੂਸ ਕੀਤਾ ਕਿ ਇਹ ਬਿਲਡਿੰਗ ਨਵੀ ਬਣਨੀ ਚਾਹੀਦੀ ਹੈ ਤਾਂ ਹੀ ਇਸ ਥਾਣੇ ਵਿੱਚ ਕੰਮ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਵਧੀਆ ਸਹੂਲਤਾ ਦਿੱਤੀਆ ਜਾ ਸੱਕਣਗੀਆ। ਉਨ੍ਹਾਂ ਥਾਣੇ ਦੀ ਬਿਲਡਿੰਗ ਦਾ ਕੰਮ ਸੁਰੂ ਕਰਵਾਉਣ ਮੌਕੇ ਦੱਸਿਆ ਕਿ ਇਸ 'ਤੇ ਲੱਗਭਗ 50 ਲੱਖ ਰੁੱਪਏ ਦੀ ਲਾਗਤ ਅਤੇ ਇਸ ਨੂੰ ਆਉਂਦੇ 4-5 ਮਹੀਨਿਆਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਹਲਕਾ ਪੂਰਬੀ ਵਿੱਚ ਅੱਜ ਲੱਗਭਗ 75 ਲੱਖ ਰੁੱਪਏ ਦੀ ਲਾਗਤ ਨਾਲ ਨਵੇਂ ਕੈਮਰੇ ਲਗਾਉਣ ਦਾ ਕੰਮ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾ ਵੀ ਸ਼ਰਾਰਤੀ ਅਨਸਰਾ 'ਤੇ ਕਾਬੂ ਪਾਉਣ ਲਈ ਹਲਕਾ ਪੂਰਬੀ ਵਿੱਚ ਲੱਗਭਗ 400 ਨਵੇਂ ਕੈਮਰੇ ਲਗਵਾਏ ਜਾ ਰਹੇ ਹਨ, ਜਿਨ੍ਹਾਂ ਦਾ ਕੰਮ ਵੀ ਛੇਤੀ ਹੀ ਪੂਰਾ ਹੋ ਜਾਵੇਗਾ. ਹਲਕਾ ਪੂਰਬੀ ਵਿੱਚ ਲੱਗ ਰਹੇ ਇਨ੍ਹਾਂ 400 ਕੈਮਰਿਆ ਦਾ ਕੰਟਰੋਲ ਵੀ ਪੁਲਿਸ ਵਿਭਾਗ ਕੋਲ ਹੀ ਰਹੇਗਾ। ਪੁਲਿਸ ਇਨ੍ਹਾਂ ਕੈਮਰਿਆ ਦੇ ਰਾਹੀ ਸ਼ਰਾਰਤੀ ਅਨਸਰਾ ਤੇ ਪੂਰੀ ਨਜ਼ਰ ਰੱਖੇਗੀ। ਅੱਜ ਜਿਹੜੇ ਨਵੇਂ ਕੈਮਰੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ, ਇਹ ਕੈਮਰੇ ਵਧੀਆ ਕਵਾਲਟੀ ਦੇ ਹੋਣ ਕਰਕੇ ਜ਼ਿਆਦਾ ਦੂਰੀ ਤੱਕ ਅਪਰਾਧੀਆ ਦੀ ਪਹਿਚਾਣ ਕਰਨਗੇ।

# ਮੁੱਖ ਅਧਿਆਪਕ ਜਗਪ੍ਰੀਤ ਸਿੰਘ ਕੈਲਾ ਨਾਲ ਵੱਖ-ਵੱਖ ਸਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਮੋਗਾ/ਦਵਿੰਦਰ ਸਿੰਘ ਬਿੱਟੂ**



ਮੁੱਖ ਅਧਿਆਪਕ ਜਗਪ੍ਰੀਤ ਸਿੰਘ ਕੈਲਾ ਦੇ ਮਾਤਾ ਜੀ 3 ਜਨਵਰੀ ਨੂੰ ਸਵੇਰੇ ਦਿਲ ਦਾ ਦੌਰਾ ਪੈਣ ਕਾਰਨ ਇਸ ਦੁਨਿਆਂ ਨੂੰ ਅਲਵਿਦਾ ਕਹਿ ਗਏ ਹਨ। ਉਹਨਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਦਵਿੰਦਰਜੀਤ ਸਿੰਘ ਲਾਡੀ ਢੋਸ ਆਮ ਆਦਮੀ ਪਾਰਟੀ, ਸਾਬਕਾ ਜਿਲ੍ਹਾ ਸਿੱਖਿਆ ਅਫਸਰ ਸ. ਨੇਕ ਸਿੰਘ , ਬੀ.ਪੀ.ਈ.ਓ. ਸ. ਜਸਕਰਨ ਸਿੰਘ , ਬੀ.ਪੀ.ਈ.ਓ. ਸ. ਗੁਰਪ੍ਰੀਤ ਸਿੰਘ , ਅਮਨਦੀਪ ਸਿੰਘ ਜੇ.ਈ., ਦਵਿੰਦਰ ਬਾਵਾ ਪੰਜਾਬ ਪੁਲਿਸ , ਗੁਰਮੀਤ ਮੁਖੀਜਾ ਵਾਈਸ ਪ੍ਰਧਾਨ ਕਾਂਗਰਸ ਪਾਰਟੀ, ਗੁਰਜੰਟ ਸਿੰਘ ਚਾਹਲ ਸੀਨੀਅਰ ਅਕਾਲੀ ਆਗੂ, ਪ੍ਰਿੰਸੀਪਲ ਸੋਹਨ ਸਿੰਘ ਕੈਲਾ, ਪ੍ਰਿੰਸੀਪਲ ਵਿਨੋਦ ਸ਼ਰਮਾਂ , ਸੀ.ਐਚ.ਟੀ. ਹਰਚਰਨਜੀਤ ਕੌਰ, ਸੀ.ਐਚ.ਟੀ. ਸੁਨੀਤਾ ਰਾਣੀ, ਸੀ.ਐਚ.ਟੀ.ਬਲਜੀਤ ਸਿੰਘ , ਸੁਖਵਿੰਦਰ ਸਿੰਘ ਪੰਜਾਬ ਪੁਲਿਸ, ਹੈੱਡ ਟੀਚਰ ਗੁਰਿੰਦਰਜੀਤ ਸਿੰਘ ,ਸੁਰਜੀਤ ਸਿੰਘ ਕੈਲਾ, ਅਜਾਇਬ ਸਿੰਘ ਕੈਲਾ, ਅੰਗਰੇਜ ਸਿੰਘ ਕੈਲਾ, ਨਸੀਬ ਸਿੰਘ ਸੰਧੂ ਅਸਟਰੇਲੀਆ, ਸਰਪੰਚ ਜਰਨੈਲ ਸਿੰਘ ਅਮਰੀਕਾ , ਜਸਜੀਤ ਸਿੰਘ ਘੁੰਮਣ ਕੈਨੇਡਾ, ਹਰਜੀਤ ਸਿੰਘ ਕੈਨੇਡਾ, ਜਸਵਿੰਦਰ ਸਿੰਘ ਭੋਲਾ ਕੈਨੇਡਾ , ਜਗਰਾਜ ਸਿੰਘ ਅਸਟਰੇਲੀਆ, ਸਤਵੀਰ ਸਿੰਘ ਸੱਤੀ ਜਲਾਲਾਬਾਦ, ਇੰਸਪੈਕਟਰ ਜਸਵਿੰਦਰ ਸਿੰਘ ਭੱਟੀ, ਦਿਗਵਿਜੈਪਾਲ ਸ਼ਰਮਾਂ ਸੂਬਾ ਪ੍ਰਧਾਨ ਡੀ.ਟੀ.ਐਫ., ਜਸਵੀਰ ਸਿੰਘ ਮੋਗਾ ਪੰਜਾਬ ਪ੍ਰਧਾਨ ਐਚ.ਟੀ/ਸੀ.ਐਚ.ਟੀ ਸਿੱਧੀ ਭਰਤੀ ਯੂਨੀਅਨ , ਪਰਮਜੀਤ ਸਿੰਘ ਪੱਤਰਕਾਰ, ਦਲਬੀਰ ਸਿੰਘ ਕੈਲਾ ਬਲਾਕ ਸੰਮਤੀ ਮੈਂਬਰ, ਮਾਸਟਰ ਹਰੀਸ਼ ਕੌੜਾ, ਮਾਸਟਰ ਗੁਰਵਿੰਦਰ ਸਿੰਘ ਸ਼ਾਦੀਵਾਲਾ, ਮਾਸਟਰ ਸੁਰੇਸ਼ ਕੁਮਾਰ, ਗੁਰਮੇਲ ਸਿੰਘ ,ਰਣਜੀਤ ਸਿੰਘ ,ਗੁਰਪ੍ਰੀਤ ਸਿੰਘ ਧਰਮਕੋਟ, ਅਮਨਦੀਪ ਸਿੰਘ ਧਰਮਕੋਟ ਕਰਵ ਪੈਲੇਸ ਵਾਲੇ, ਸੰਜੀਵ ਕੋਛੜ ਆਮ ਆਦਮੀ ਪਾਰਟੀ, ਗੋਲਡੀ ਕੈਲਾ ਅਕਾਲੀ ਆਗੂ, ਭੁਪਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਹੈੱਡ ਟੀਚਰ ਦਵਿੰਦਰ ਸਿੰਘ, ਸੀ.ਐਚ.ਟੀ.ਸਵਰਨਜੀਤ ਸਿੰਘ, ਮਨਪ੍ਰੀਤ ਸਿੰਘ ਕੋਟ ਈਸੇ ਖਾਂ, ਮਨਜਿੰਦਰ ਸਿੰਘ, ਵੀਰਪਾਲ ਸਿੰਘ, ਹੈੱਡ ਟੀਚਰ ਰੇਨੂੰ ਬਾਲਾ, ਸੀਤਾ ਰਾਮ, ਗੁਰਮੇਲ ਸਿੰਘ, ਸੀ. ਐੱਚ. ਟੀ. ਸੋਹਣ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਅਗਵਾੜ ਕਾਲੂ ਕਾ ਧਰਮਕੋਟ ਦਾ ਸਮੁੱਚਾ ਸਟਾਫ, ਸਰਕਾਰੀ ਪ੍ਰਾਇਮਰੀ ਸਕੂਲ ਧਰਮਕੋਟ ਦਾ ਸਮੁੱਚਾ ਸਟਾਫ, ਅਵਤਾਰ ਸਿੰਘ ਮਦਾਨ, ਹੈੱਡ ਟੀਚਰ ਬਲਜੀਤ ਸਿੰਘ , ਹੈੱਡ ਮਿਸਟ੍ਰੈਸ ਸਿਮਰਨ ਕੌਰ ਢੋਲੇਵਾਲ, ਵੱਖ ਵੱਖ ਜ਼ਿਲ੍ਹਿਆਂ ਤੋਂ ਅਧਿਆਪਕ ਸਾਥੀਆਂ ਤੇ ਸਮੁੱਚੇ ਨਗਰ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ

# ਗੁਰਦਾਸਪੁਰ 'ਚ ਜੇਲ ਰੋਡ ਤੇ ਨਵੀਂ ਬਣੀ ਸੜਕ ਤੇ ਖੜਾ ਪਾਣੀ ਰਾਹਗੀਰਾਂ ਲਈ ਬਣਿਆ ਚੁਣੌਤੀ



**ਗੁਰਦਾਸਪੁਰ-ਨਵਨੀਤ ਕੁਮਾਰ**



ਗੁਰਦਾਸਪੁਰ ਸਹਿਰ ਚ ਜੇਲ ਰੋਡ ਉੱਪਰ ਨਵੀ ਬਣੀ ਸੜਕ ਦੁਕਾਨਦਾਰਾਂ ਤੇ ਰਾਹਗੀਰਾਂ ਲਈ ਮੁਸੀਬਤ ਦਾ ਕਾਰਨ ਬਣ ਗਈ ਹੈ ਇਹ ਸੜਕ ਮਹੀਨਾ ਪਹਿਲਾ ਹੀ ਬਣ ਕੇ ਤਿਆਰ ਹੋਈ ਹੈ ਸਰਦੀਆਂ ਦੀ ਹੋਈ ਪਹਿਲੀ ਬਰਸਾਤ ਨੇ ਹੀ ਨਗਰ ਕੋਸਲ ਤੇ ਸਰਕਾਰ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ ਲੱਖਾਂ ਰੁਪਏ ਦੀ ਲਾਗਤ ਨਾਲ ਬਣੀ ਸੜਕ ਉੱਪਰ ਪਾਣੀ ਦੀ ਨਿਕਾਸੀ ਦਾ ਕੋਈ ਇੰਤਜਾਮ ਨਹੀਂ ਕੀਤਾ ਗਿਆ । ਜਿਸ ਕਾਰਨ ਬਰਸਾਤ ਦਾ ਪਾਣੀ ਸੜਕ ਉਪਰ ਹੋਣ ਕਾਰਨ ਜਿੱਥੇ ਰਾਹਗੀਰਾਂ ਨੂੰ ਮੁਸਕਿਲ ਆ ਰਹੀ ਹੈ ਉੱਥੇ ਹੀ ਸਭ ਤੋਂ ਜਆਿਦਾ ਨੁਕਸਾਨ ਦੁਕਾਨਦਾਰਾਂ ਦਾ ਹੋ ਰਿਹਾ। ਦੁਕਾਨਦਾਰਾਂ ਵੱਲੋਂ ਨਗਰ ਕੋਸਲ ਦੇ ਪ੍ਰਧਾਨ ਤੋਂ ਮੰਗ ਕੀਤੀ ਹੈ ਕਿ ਸੜਕ ਦੇ ਨਾਲ ਪਾਣੀ ਦੇ ਨਿਕਾਸੀ ਵਾਸਤੇ ਢੁਕਵਾਂ ਪ੍ਰਬੰਧ ਕੀਤਾ ਜਾਵੇ ਤਾਂ ਜੋ ਦੁਕਾਨਾਂ ਤੇ ਆਉਣ ਵਾਲੇ ਗ੍ਰਾਹਕਾ ਨੂੰ ਕਿਸੇ ਮੁਸਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਸੀ.ਈ.ਟੀ.ਪੀ. ਅਪਗ੍ਰੇਡੇਸਨ ਪ੍ਰਾਜੈਕਟ ਦੀ ਜਲਦ ਸ਼ੁਰੂਆਤ ਲਈ ਸੀ.ਐਲ.ਆਰ. ਆਈ.ਵੱਲੋਂ ਮੰਗੀ ਜਾਣਕਾਰੀ ਮੁਹੱਈਆ ਕਰਵਾਈ : ਘਨਸ਼ਿਆਮ ਥੋਰੀ

- ਡਿਪਟੀ ਕਮਿਸ਼ਨਰ ਨੇ ਡੀ.ਪੀ.ਆਈ. ਆਈ.ਟੀ. ਨੂੰ 476.97 ਲੱਖ ਦੀ ਆਪਣੀ ਪਹਿਲੀ ਕਿਸਤ ਜਾਰੀ ਕਰਨ ਦੀ ਕੀਤੀ ਅਪੀਲ
- ਟੈਨਰੀ ਸੀ.ਈ.ਟੀ.ਪੀ. ਅਪਗ੍ਰੇਡੇਸ਼ਨ ਪ੍ਰਾਜੈਕਟ ਸਬੰਧੀ ਹੋਈ ਸਮੀਖਿਆ ਮੀਟਿੰਗ



**ਜਲੰਧਰ/ਰਾਕੇਸ਼ ਵਰਮਾ**

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਅੱਜ ਡਿਪਾਰਟਮੈਂਟ ਫਾਰ ਪ੍ਰਮੋਸ਼ਨ ਆਫ ਇੰਡਸਟਰੀ ਅਤੇ ਇੰਟਰਨਲ ਟਰੇਡ (ਡੀ.ਪੀ.ਆਈ.ਆਈ.ਟੀ.), ਨੂੰ ਕਾਮਨ ਇਫਲੂਐਂਟ ਟਰੀਟਮੈਂਟ ਪਲਾਂਟ ਦੀ ਅਪਗ੍ਰੇਡੇਸ਼ਨ ਲਈ ਐਸ.ਪੀ.ਵੀ. ਨੂੰ ਆਪਣੀ ਪਹਿਲੀ ਕਿਸਤ ਜਾਰੀ ਕਰਨ ਦੀ ਅਪੀਲ ਕੀਤੀ ਤਾਂ ਜੋ ਇਸ ਪ੍ਰਾਜੈਕਟ ਨੂੰ ਬਿਨਾਂ ਕਿਸੇ ਦੇਰੀ ਤੋਂ ਸ਼ੁਰੂ ਕਰਵਾਇਆ ਜਾ ਸਕੇ। ਡਿਪਟੀ ਕਮਿਸ਼ਨਰ-ਕਮ-ਚੇਅਰਮੈਨ, ਅੰਤਰਿਮ ਕਮੇਟੀ, ਪੰਜਾਬ ਇਫਲੂਐਂਟ ਟਰੀਟਮੈਂਟ ਸੁਸਾਇਟੀ (ਪੀ.ਈ.ਟੀ.ਐਸ) ਫਾਰ ਟੈਨਰੀਜ ਨੇ ਵਧੀਕ ਸਕੱਤਰ, ਡੀ.ਪੀ.ਆਈ.ਆਈ.ਟੀ. ਰਾਜੀਵ ਸਿੰਘ ਠਾਕੁਰ ਦੀ ਪ੍ਰਧਾਨਗੀ ਹੇਠ ਟੈਨਰੀ ਸੀ.ਈ.ਟੀ.ਪੀ. ਅਪਗ੍ਰੇਡੇਸ਼ਨ ਪ੍ਰਾਜੈਕਟ ਦੀ ਪ੍ਰਗਤੀ ਦੀ ਸਮੀਖਿਆ ਸਬੰਧੀ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਦੱਸਿਆ ਕਿ ਐਸ.ਪੀ.ਵੀ. ਨੂੰ ਪਹਿਲੀ ਕਿਸਤ ਜਾਰੀ ਕਰਨ ਖਾਤਰ ਡੀ.ਪੀ.ਆਈ.ਆਈ.ਟੀ. ਨੂੰ ਸਿਫਾਰਸਾਂ ਕਰਨ ਲਈ ਸੈਂਟਰਲ ਲੈਦਰ ਰਿਸਰਚ ਇੰਸਟੀਚਿਊਟ (ਸੀ.ਐਲ.ਆਰ.ਆਈ.), ਚੇਨਈ ਵੱਲੋਂ ਮੰਗੀ ਗਈ ਸਾਰੀ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਗਈ ਹੈ ਤਾਂ ਜੋ ਸੀ.ਈ.ਟੀ.ਪੀ. ਦੇ ਅਪਗ੍ਰੇਡੇਸਨ ਪ੍ਰਾਜੈਕਟ ਨੂੰ ਬਿਨਾਂ ਕਿਸੇ ਦੇਰੀ ਤੋਂ ਸੁਰੂ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 102.21 ਲੱਖ ਰੁਪਏ ਦੀ ਆਪਣੀ ਪਹਿਲੀ ਕਿਸਤ ਦੇ ਹਿੱਸੇ ਵਜੋਂ ਪਹਿਲਾਂ ਹੀ 153 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ, ਜਿਸ ਵਿੱਚੋਂ 143.80 ਲੱਖ ਰੁਪਏ ਦੀ ਵਰਤੋਂ ਐਸ.ਪੀ.ਵੀ. ਵੱਲੋਂ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਤਹਿਤ ਮਿਕਸਿੰਗ-ਕਮ-ਡਾਈਲਿਊਸਨ ਟੈਂਕ ਦੇ ਨਿਰਮਾਣ ਲਈ ਕੀਤੀ ਗਈ ਹੈ। ਇਸੇ ਤਰ੍ਹਾਂ ਲਾਭਪਾਤਰੀਆਂ (ਇੰਡਸਟਰੀ) ਵੱਲੋਂ ਆਪਣੇ ਹਿੱਸੇ ਦੇ ਬਣਦੇ 102.21 ਲੱਖ ਰੁਪਏ ਤਹਿਤ ਅਗਸਤ, 2021 ਵਿੱਚ 102.84 ਲੱਖ ਜਮ੍ਹਾ ਕਰਵਾਏ ਗਏ ਹਨ। ਉਨ੍ਹਾਂ ਸੀ.ਈ.ਟੀ.ਪੀ. ਪ੍ਰਾਜੈਕਟ ਨੂੰ ਜਲਦ ਤੋਂ ਜਲਦ ਸ਼ੁਰੂ ਕਰਨ ਲਈ ਡੀ.ਪੀ.ਆਈ.ਆਈ.ਟੀ. ਨੂੰ ਐਸ.ਪੀ.ਵੀ. ਨੂੰ 476.97 ਲੱਖ ਦੀ ਆਪਣੀ ਪਹਿਲੀ ਕਿਸਤ ਜਾਰੀ ਕਰਨ ਦੀ ਅਪੀਲ ਕੀਤੀ ਤਾਂ ਜੋ ਸੀ.ਈ.ਟੀ.ਪੀ. ਦੇ ਪ੍ਰਵਾਨਿਤ ਅਪਗ੍ਰੇਡੇਸਨ ਪ੍ਰਾਜੈਕਟ ਨੂੰ ਲਾਗੂ ਕੀਤਾ ਜਾ ਸਕੇ।

# ਆਲੂ ਦੀ ਫ਼ਸਲ ਨੂੰ ਨੁਕਸਾਨ ਤੋਂ ਬਚਾਉਣ ਲਈ ਖੇਤਾਂ 'ਚ ਖੜ੍ਹਾ ਵਾਧੂ ਪਾਣੀ ਤੁਰੰਤ ਬਾਹਰ ਕੱਢਿਆ ਜਾਵੇ- ਡਿਪਟੀ ਡਾਇਰੈਕਟਰ ਬਾਗਬਾਨੀ

**ਜਲੰਧਰ/ਲੋਕ ਬਾਣੀ :** ਡਿਪਟੀ ਡਾਇਰੈਕਟਰ ਬਾਗਬਾਨੀ, ਜਲੰਧਰ ਡਾ.ਸੁਖਦੀਪ ਸਿੰਘ ਹੁੰਦਲ ਨੇ ਦੱਸਿਆ ਕਿ ਪਿਛਲੇ ਚਾਰ ਦਿਨਾਂ ਤੋਂ ਹੋ ਰਹੀ ਬਾਰਿਸ਼ ਨਾਲ ਹਾਲ ਦੀ ਘੜੀ ਬਾਗਬਾਨੀ ਫਸਲਾਂ ਖਾਸ ਕਰਕੇ ਆਲੂ ਦੀ ਫਸਲ ਨੂੰ ਕੋਈ ਨੁਕਸਾਨ ਨਹੀਂ ਹੈ ਅਤੇ ਜੇਕਰ ਜ਼ਿਆਦਾ ਬਾਰਿਸ਼ ਕਾਰਨ ਖੇਤਾਂ ਵਿੱਚ ਵਾਧੂ ਪਾਣੀ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਕੱਢਣ ਦਾ ਤੁਰੰਤ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਜੋ ਆਲੂ ਫਸਲ ਨੂੰ ਕੋਈ ਨੁਕਸਾਨ ਨਾ ਹੋਵੇ। ਉਨ੍ਹਾਂ ਨੇ ਦੱਸਿਆ ਕਿ ਐਤਵਾਰ ਤੱਕ ਬਾਰਿਸ਼ ਜਾਰੀ ਰਹੇਗੀ ਅਤੇ ਬਾਰਿਸ ਖਤਮ ਹੋਣ ਤੋਂ ਇਕ-ਦੋ ਦਿਨ ਬਾਅਦ ਧੁੱਪ ਲੱਗਣ 'ਤੇ ਆਲੂ ਫਸਲ ਨੂੰ ਪਛੇਤੇ ਝੁਲਸ ਤੋਂ ਬਚਾਅ ਲਈ 700 ਗਰਾਮ ਇੰਡੋਫਿਲ ਐਮ-45 ਜਾਂ ਮਾਰਕਜੈਬ ਜਾਂ ਕਵਚ ਜਾਂ ਐਟਰਾਕੋਲ ਦਵਾਈ ਦਾ ਛਿੜਕਾਅ 350 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰਨਾ ਚਾਹੀਦਾ ਹੈ।

# ਰਮੀਦੀ ਵਿਖੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮੀਟਿੰਗ ਵਿੱਚ ਅਹਿਮ ਵਿਚਾਰਾਂ



**ਕਪੂਰਥਲਾ/ਲੋਕ ਬਾਣੀ**

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਮੀਟਿੰਗ ਜ਼ਿਲਾ ਕਪੂਰਥਲਾ ਦੇ ਪ੍ਰਧਾਨ ਲਿੱਟਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਢਿਲਵਾਂ ਦੇ ਪ੍ਰਧਾਨ ਸੱਤਪਾਲ ਸਿੰਘ ਤਾਜਪੁਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਸੰਤਸਰ ਸਾਹਿਬ ਪਿੰਡ ਰਮੀਦੀ ਵਿਖੇ ਕਿਸਾਨੀ ਮੁੱਦਿਆਂ ਬਾਰੇ ਹੋਈ ।ਉਹਨਾ ਦੱਸਿਆ ਕਿ ਬੀਤੇ ਦਿਨੀ ਫਿਰੋਜਪੁਰ ਵਿਖੇ ਭਾਜਪਾ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਕੀਤੀ ਜਾਣ ਵਾਲੀ ਰੈਲੀ ਪੂਰੀ ਤਰਾਂ ਠੁੱਸ ਹੋਈ ਹੈ, ਰੈਲੀ ਵਿੱਚ ਨਾਂਮਾਤਰ ਲੋਕ ਪਹੁੰਚੇ ਸਨ ਅਤੇ ਖਾਲੀ ਹੀ ਖਾਲੀ ਕੁਰਸੀਆਂ ਦੇ ਮੱਦੇਨਜਰ ਪ੍ਰਧਾਨ ਮੰਤਰੀ ਨੂੰ ਰੈਲੀ ਤੋਂ ਪਾਸਾ ਵੱਟਣਾ ਪਿਆ। ਸਾਫ ਹੈ ਕਿ ਪੰਜਾਬ ਦੇ ਲੋਕ ਧੱਕੇਸ਼ਾਹੀ ਵਾਲੀ ਪਾਰਟੀ ਭਾਜਪਾ ਨੂੰ ਮੂੰਹ ਨਹੀਂ ਲਾ ਰਹੇ, ਅਤੇ ਕਿਸਾਨੀ ਅੰਦੋਲਨ ਦੇ ਸਤਿਕਾਰ ਵਿੱਚ ਰੈਲੀ ਨੂੰ ਫਲਾਪ ਕਰਕੇ ਕਿਸਾਨੀ ,ਮਜਦੂਰੀ ਅਤੇ ਪੰਜਾਬੀਅਤ ਨਾਲ ਖੜੇ ਹੋਣ ਦਾ ਫਤਵਾ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਚੋਣ ਮੈਨੀਫੈਸਟੋ ਵਿੱਚ ਕੀਤਾ ਸੰਪੂਰਨ ਕਿਸਾਨੀ ਕਰਜਾ ਮੁਆਫੀ ਦਾ ਵਾਅਦਾ ਪੂਰਾ ਕੀਤਾ ਜਾਵੇ,ਨਹੀਂ ਤਾਂ ਲਾਰਿਆਂ ਨਾਲ ਬਣੀ ਸਰਕਾਰ ਦੁਬਾਰਾ ਲੋਕ ਦਰਬਾਰ ਵਿੱਚ ਟਿੱਕ ਨਹੀਂ ਸਕਦੀ। ਕਾਂਗਰਸ ਸਰਕਾਰ ਸਿਰਫ ਗੱਲਾਂ ਨਾਲ ਸਾਰ ਰਹੀ ਹੈ। ਇਸ ਮੌਕੇ ਗੁਰਬਾਗ ਸਿੰਘ, ਗੁਲਜਾਰ ਸਿੰਘ, ਸਤਨਾਮ ਸਿੰਘ, ਰਤਨ ਸਿੰਘ, ਜਸਵੰਤ ਸਿੰਘ, ਇੰਦਰਜੀਤ ਸਿੰਘ, ਮੇਜਰ ਸਿੰਘ, ਗੁਰਮੇਲ ਸਿੰਘ ਅਤੇ ਅਨੇਕਾਂ ਕਿਸਾਨ ਆਗੂ ਹਾਜਿਰ ਸਨ।

## ਲਾਹਣਤ

ਲੱਖ ਲਾਹਣਤ ਔਰਤ ਹੋਣ ਤੇ ,
ਤੂੰ ਔਰਤ ਦੇ ਨਾ ਭਾਰ।
ਤੇਰੇ ਚਲ ਜਾਣ ਕੀੜੇ ਪਾਪਣੇ ,
ਤੈਨੂੰ ਧੁਰੋਂ ਪਵੇ ਫਟਕਾਰ।
ਤੈਨੂੰ ਮੰਗੀ ਮੌਤ ਵੀ ਨਾ ਮਿਲੇ ,
ਤੈਥੋਂ ਜਾਵੇ ਜ਼ਿੰਦਗੀ ਉਕ।
ਤੂੰ ਰਗੜੇ ਨੱਕ ਔਲਾਦ ਲਈ ,
ਨੀ ਤੇਰੀ ਹਰੀ ਹੋਵੇ ਨਾ ਕੁੱਖ ।
ਖਸਮ ਹੰਢਾ ਕੇ ਪਾਪਣੇ,
ਸਿਟੀ ਜੰਮ ਕੇ ਅਲਫ ਮਸੂਮ।
ਤੇਰੇ ਕੰਨੀਂ ਚੀਕਾਂ ਪੈਣ ,
ਮਿਲੇ ਨਾ ਤੈਨੂੰ ਸਕੂਨ ।
ਉਹ ਕੰਧਾਂ ਵਿਚ ਹੱਥ ਮਾਰੇ ਤੂੰ ,
ਜਿਹੜੇ ਹੱਥੀਂ ਦਿੱਤੀ ਸੁੱਟ।
ਤੂੰ ਰਗੜੇ ਨੱਕ ਔਲਾਦ ਲਈ,
ਨੀ ਤੇਰੀ ਹਰੀ ਹੋਵੇ ਨਾ ਕੁੱਖ ।
ਲੱਗ ਮਾਸੂਮ ਤੇ ਜਾਣ ਨੀਂ,
ਤੈਨੂੰ ਹੌਕੇ ਬਣ ਸ਼ਰਾਪ ।
ਉਹ ਬਣੇ ਕਿਸੇ ਦਾ ਬਾਪ ਨਾ,
ਜੀਹਨੇ ਦਿੱਤਾ ਤੇਰਾ ਸਾਥ ।
ਤੈਨੂੰ ਕਮਲੀ ਕਰਦੇ ਪਾਪਣੇ,
ਹਵਸ ਤੇਰੀ ਦੀ ਭੁੱਖ ।
ਤੂੰ ਰਗੜੇ ਨੱਕ ਔਲਾਦ ਲਈ,
ਨੀ ਤੇਰੀ ਹਰੀ ਹੋਵੇ ਨਾ ਕੁੱਖ ।
ਨੀ ਤੇਰੇ ਤੋਂ ਕੁੱਤੀ ਵੀ ਚੰਗੀ ,
ਜੀਹਨੇ ਲਈ ਸੰਭਾਲ ।
"ਵੀਰਪਾਲ ਭੱਠਲ"ਸੱਚ ਲਿਖਦੀ ,
ਤੂੰ ਬਣਗੀ ਧੀ ਦਾ ਕਾਲ ।
ਤੇਰੇ ਜਿਹੀਆਂ ਕੁਝ ਹੋਰ ਵੀ,
ਨੀ ਜਾਵਣ ਕੁੱਖਾਂ ਸੁੱਕ ।
ਤੂੰ ਰਗੜੇ ਨੱਕ ਔਲਾਦ ਲਈ ,
ਨੀ ਤੇਰੀ ਹਰੀ ਹੋਵੇ ਨਾ ਕੁੱਖ ।

**ਵੀਰਪਾਲ ਕੌਰ ਭੱਠਲ**

# ਨਿਪਾੱਨ ਇੰਡਿਆ ਸਿਲਵਰ ਈਟੀਐਫ ਅਤੇ ਸਿਲਵਰ ਈਟੀਐਫ ਫੰਡ ਆਫ ਫੰਡ (ਐਫਓਐਫ) ਲਾਂਚ

**ਚੰਡੀਗੜ੍ਹ/ਅੰਮ੍ਰਿਤਸਰ/ਲੋਕ ਬਾਣੀ**

ਨਿਪਾੱਨ ਇੰਡਿਆ ਮਿਊਚਲ ਫੰਡ (ਐਨਆਈਐਮਐਫ) ਦੀ ਐਸੇਟ ਮੈਨੇਜਰ ਨਿਪਾੱਨ ਲਾਇਫ ਇੰਡਿਆ ਐਸੇਟ ਮੈਨੇਜਮੇਂਟ ਲਿਮੇਟਿਡ ਨੇ ਫਿਜਿਕਲ ਸਿਲਵਰ ਅਤੇ ਸਿਲਵਰ ਰਿਲੇਟਿਡ ਇੰਸਟਰੂਮੇਂਟਸ ਤੇ ਨਿਪਾੱਨ ਇੰਡਿਆ ਸਿਲਵਰ ਈਟੀਐਫ ਫੰਡ ਆਫ ਫੰਡ (ਐਫਓਐਫ) ਵਿਚ ਨਿਵੇਸ਼ ਕਰਦੇ ਹੋਏ ਨਿਪਾੱਨ ਇੰਡਿਆ ਸਿਲਵਰ ਈਟੀਐਫ ਨੂੰ ਲਾਂਚ ਕਰਣ ਦੀ ਘੋਸ਼ਣਾ ਕੀਤੀ ਹੈ ਜੋ ਨਿਪਾੱਨ ਇੰਡਿਆ ਸਿਲਵਰ ਈਟੀਐਫ ਦੀ ਯੂਨਿਟਸ ਵਿਚ ਨਿਵੇਸ਼ ਕਰੇਗਾ। ਦੌਵੇਂ ਯੋਜਨਾਵਾਂ ਦਾ ਇਹ ਐਨਐਫਓ 13 ਜਨਵਰੀ ਨੂੰ ਖੁਲੇਗਾ ਅਤੇ 27 ਜਨਵਰੀ ਨੂੰ ਬੰਦ ਹੋਵੇਗਾ। ਨਿਪਾੱਨ ਇੰਡਿਆ ਸਿਲਵਰ ਈਟੀਐਫ ਦੇ ਲਈ ਐਨਐਫਓ ਦੇ ਦੌਰਾਨ ਲੋੜ੍ਹਵੰਦ ਘਟੋਘੱਟ ਨਿਵੇਸ਼ ਰਾਸ਼ਿ 1000 ਰੁਪਏ ਹੈ ਜਦਕਿ ਨਿਪਾੱਨ ਇੰਡਿਆ ਸਿਲਵਰ ਈਟੀਐਫ ਫੰਡ ਆਫ ਫੰਡ (ਐਫਓਐਫ) ਦੇ ਲਈ ਐਨਐਫਓ ਦੇ ਦੌਰਾਨ ਲੋੜ੍ਹਵੰਦ ਨਿਵੇਸ਼ ਰਾਸ਼ਿ 100 ਰੁਪਏ ਹੈ।

ਲਾਂਚ ਤੇ ਨਿਪਾੱਨ ਇੰਡਿਆ ਐਮਐਫ ਦੇ ਈਟੀਐਫ ਪਰਮੁਖ ਹੇਮੇਨ ਭਾਟਿਆ ਨੇ ਕਿਹਾ ਕਿ ਇਨ੍ਹਾਂ ਜਰੀਏ ਸਿਲਵਰ ਦਾ ਪਰੇਸ਼ਾਨੀ ਮੁਕਤ ਭੰਡਾਰਣ ਹੋਵੇਗਾ ਅਤੇ ਛੋਟੇ ਮੁਲਵਰਗ ਵਿਚ ਖਰੀਦਾਰੀ ਕਰ ਸਕਦੇ ਹਨ, ਅਤੇ ਚੋਰੀ ਦਾ ਕੋਈ ਡਰ ਨਹੀਂ ਹੋਵੇਗਾ।

# ਰਾਤ 10 ਵਜੇ ਤੋਂ ਬਾਅਦ ਸ਼ੋਰ ਪ੍ਰਦੂਸ਼ਣ ਕਰਨ ਵਾਲਿਆਂ ਦਾ ਸਮਾਨ ਹੋਵੇਗਾ ਜਬਤ

**ਜਲੰਧਰ/ਰਾਕੇਸ਼ ਵਰਮਾ**

ਡਿਪਟੀ ਕਮਿਸ਼ਨਰ ਪੁਲਿਸ ਜਲੰਧਰ ਜਸਕਿਰਨਜੀਤ ਸਿੰਘ ਤੇਜਾ ਨੇ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਤਹਿਤ ਸ਼ੋਰ ਪ੍ਰਦੂਸ਼ਣ ਪੈਦਾ ਕਰਨ 'ਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ ਜਿਸ ਤਹਿਤ ਜਨਤਕ ਸਥਾਨਾਂ ਦੀਆਂ ਸੀਮਾਵਾਂ 'ਤੇ ਪਟਾਖਿਆਂ ਦਾ ਸ਼ੋਰ ਪੱਧਰ ਅਤੇ ਲਾਊਡ ਸਪੀਕਰਾਂ ਦੀ ਆਵਾਜ਼ 10 ਡੀ.ਬੀ. (ਏ) ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਕੋਈ ਵੀ ਵਿਅਕਤੀ ਰਾਤ 10.00 ਵਜੇ ਤੋਂ ਸਵੇਰੇ 06.00 ਵਜੇ ਦੇ ਦਰਮਿਆਨ ਕੋਈ ਢੋਲ ਜਾਂ ਭੋਂਪੂ ਨਹੀਂ ਵਜਾ ਸਕੇਗਾ ਅਤੇ ਨਾ ਹੀ ਆਵਾਜ਼ ਪੈਦਾ ਕਰਨ ਵਾਲਾ ਕੋਈ ਯੰਤਰ ਵਜਾ ਸਕੇਗਾ ਤੇ ਨਾ ਹੀ ਸਾਊਂਡ ਐਂਪਲੀਫਾਇਰ ਦੀ ਵਰਤੋਂ ਕਰ ਸਕੇਗਾ ਸਿਵਾਏ ਜਨਤਕ ਹੰਗਾਮੀ ਹਾਲਾਤ ਦੇ। ਇਸ ਤੋਂ ਇਲਾਵਾ ਨਿੱਜੀ ਸਾਊਂਡ ਸਿਸਟਮ ਵਾਲਿਆਂ ਵਲੋਂ ਵੀ ਆਪਣੇ ਆਸ-ਪੜੋਸ ਵਿਚ ਸ਼ੋਰ ਦਾ ਪੱਧਰ 7.5 ਡੀ. ਬੀ (ਏ) ਤੋਂ ਵੱਧ ਨਹੀਂ ਰੱਖਿਆ ਜਾ ਸਕੇਗਾ। ਇਸ ਤੋਂ ਇਲਾਵਾ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਰਿਹਾਇਸ਼ੀ ਖੇਤਰ ਵਿੱਚ ਹਾਰਨ ਵਜਾਉਣ ਦੀ ਆਗਿਆ ਨਹੀਂ ਹੋਵੇਗੀ ਅਤੇ ਜੇਕਰ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਾਊਂਡ ਸਿਸਟਮ ਦਾ ਸਮਾਨ ਜਬਤ ਕਰ ਲਿਆ ਜਾਵੇਗਾ।

# ਦਿੱਲੀ ਮੋਰਚਾ ਫਤਹਿ ਦੀ ਖੁਸੀ ਵਿੱਚ ਸੰਘਰਸੀ ਯੋਧਿਆਂ ਨੂੰ ਕੀਤਾ ਸਨਮਾਨਿਤ : ਜਥੇਦਾਰ ਪੱਟੀ



**ਤਰਨ ਤਾਰਨ/ਰਵੀਕਰਨ**

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਮੋਦੀ ਸਰਕਾਰ ਦੇ ਤਿੰਨ ਕਾਲੇ ਕਾਨੂੰਨ ਖਲਿਾਫ ਦੇਸ ਭਰ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ 13 ਮਹੀਨੇ 13 ਦਿਨ ਲਗਾਤਾਰ ਦਿੱਲੀ ਦੇ ਬਾਰਡਰਾਂ ਤੇ ਧਰਨਾ ਦਿੱਤਾ ਗਿਆ ਸਰਕਾਰ ਨੂੰ ਕਾਲੇ ਕਾਨੂੰਨ ਵਾਪਸ ਲੈਣ ਤੇ ਮਜਬੂਰ ਕੀਤਾ ਗਿਆ ਅਤੇ ਸੰਘਰਸ ਵਿੱਚ ਹਰੇਕ ਵਿਅਕਤੀ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਗਿਆ ਅਤੇ ਪਿੰਡ ਫੂਲਾਂ ਵਾਲੀ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਦਿੱਲੀ ਫਤਹਿ ਮਾਰਚ ਦੀ ਖੁਸੀ ਵਿੱਚ ਸੰਘਰਸੀ ਯੋਧਿਆਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਇਲਾਕੇ ਦੀ ਸੰਗਤਾਂ ਵੱਲੋਂ ਸਰਦਾਰ ਦਿਲਬਾਗ ਸਿੰਘ ਸਭਰਾਂ ਨੂੰ ਵਿਸੇਸ ਤੌਰ ਤੇ ਬਣਦਾ ਮਾਣ ਸਤਿਕਾਰ ਦਿੱਤਾ ਗਿਆ ਅਤੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੇ ਇਲਾਕੇ ਦੀਆਂ ਕਿਸਾਨ ਜਥੇਬੰਦੀਆਂ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੀਨੀਅਰ ਆਗੂ ਡਾ ਸਤਨਾਮ ਸਿੰਘ ਹਰੀਕੇ, ਜਥੇਦਾਰ ਸੰਤੋਖ ਸਿੰਘ ਪੱਟੀ ਅਤੇ ਆਤਮਾ ਸਿੰਘ ਪੰਨੂੰ ਫੂਲਾਂ ਵਾਲੀ ਕਿਸਾਨ ਆਗੂਆਂ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਆਗੂ ਜਸਬੀਰ ਸਿੰਘ ਬੂਹ ਹਵੇਲੀਆਂ , ਹੌਲਦਾਰ ਬਲਵਿੰਦਰ ਸਿੰਘ ਸਭਰਾਂ ,ਹਰਦੇਵ ਸਿੰਘ ਬੂਹ ,ਗੁਰਵੇਲ ਸਿੰਘ ਬੂਹ , ਬਲਵਿੰਦਰ ਸਿੰਘ ਘੜੁੰਮ , ਰਾਜ ਸਿੰਘ ਹਰੀਕੇ , ਬਲਵਿੰਦਰ ਸਿੰਘ , ਬੁੱਧ ਸਿੰਘ, ਭਜਨ ਸਿੰਘ , ਗੁਰਸੇਵਕ ਸਿੰਘ , ਹਰਪਾਲ ਸਿੰਘ , ਗੁਰਮੇਜ ਸਿੰਘ , ਜਗਤਾਰ ਸਿੰਘ , ਰੁਪਿੰਦਰ ਸਿੰਘ , ਦੇਵੀ ਕੌਰ , ਤਜਿੰਦਰ ਸਿੰਘ , ਸੁਖਦੇਵ ਸਿੰਘ , ਸਤਿੰਦਰਪਾਲ ਸਿੰਘ , ਹਰਜਿੰਦਰ ਸਿੰਘ , ਕਰਨਬੀਰ ਸਿੰਘ , ਅਜੀਤ ਸਿੰਘ , ਗੁਰਮੀਤ ਸਿੰਘ , ਕਿਰਨਬੀਰ ਸਿੰਘ , ਜਸਬੀਰ ਸਿੰਘ , ਦਿਲਬਾਗ ਸਿੰਘ , ਵਜੀਰ ਸਿੰਘ , ਨਿਸਾਨ ਸਿੰਘ , ਮੋਹਨ ਸਿੰਘ ਹਰੀਕੇ , ਸਾਲੂ ਹਰੀਕੇ ਜਥੇਦਾਰ ਕਸ਼ਮੀਰ ਸਿੰਘ ਆਦਿ ਕਿਸਾਨ ਆਗੂ ਹਾਜਰ ਸਨ।

# ਸੂਬੇ ਵਿੱਚ ਵਿਕਾਸ ਕਾਰਜਾਂ ਨੂੰ ਦੇਖਦੇ ਹੋਏ ਲੋਕ ਕਾਂਗਰਸ ਸਰਕਾਰ ਦੁਬਾਰਾ ਬਣਾਉਣਗੇ : ਦਲਜੀਤ ਸਿੰਘ

**ਕਪੂਰਥਲਾ/ਲੋਕ ਬਾਣੀ**



',ਸੂਬੇ ਵਿੱਚ ਕਾਂਗਰਸ ਸਰਕਾਰ ਦੁਆਰਾ ਕਰਵਾਏ ਵਿਕਾਸ ਕਾਰਜਾਂ ਨੂੰ ਦੇਖਦਿਆਂ ਪੰਜਾਬ ਵਾਸੀ ਪੰਜਾਬ ਵਿੱਚ ਦੁਬਾਰਾ ਕਾਂਗਰਸ ਸਰਕਾਰ ਬਣਾਉਣਗੇ, ਇਹਨਾ ਵਿਚਾਰਾਂ ਦਾ ਪ੍ਰਗਟਾਵਾ ਅੱਜ ਹਲਕਾ ਭੁਲੱਥ ਦੇ ਸੀਨੀਅਰ ਕਾਂਗਰਸੀ ਆਗੂ ਦਲਜੀਤ ਸਿੰਘ ਨਡਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਹਨਾ ਕਿਹਾ ਕਿ ਕਾਂਗਰਸ ਸਰਕਾਰ ਨੇ ਸੂਬੇ ਦੇ ਕਿਸਾਨਾਂ,ਮਜਦੂਰਾਂ,ਔਰਤਾਂ, ਬਜੁਰਗਾਂ,ਔਰਤਾਂ ਲਈ ਮੁਫਤ ਬੱਸ ਸਰਵਿਸ,ਬੁਢਾਪਾ ਪੈਨਸ਼ਨ ਵਿੱਚ ਵਾਧਾ,ਗਰੀਬ ਵਰਗ ਸਮੇਤ ਹਰ ਵਰਗ ਲਈ ਵੱਡੀਆਂ ਯੋਜਨਾਵਾਂ ਲਿਆਦੀਆਂ ,ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਜੋ 100 ਫੈਸਲੇ ਪੰਜਾਬ ਵਾਸੀਆਂ ਵਾਸਤੇ ਲਏ ਹਨ,ਜੋ ਕਿ ਬਹੁਤ ਹੀ ਸ਼ਲਾਘਾਯੋਗ ਹਨ, ਇਸ ਦਾ ਹਰ ਵਰਗ ਫਾਇਦਾ ਲੈ ਰਿਹਾ ਹੈ। ਉਹਨਾ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਸਾਰੀਆਂ ਸੀਟਾਂ ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।

Website : www.lokbani.com
lokbani08@gmail.com



# ਪਿੰਡਾਂ ਦੀਆਂ ਲੜਕੀਆਂ ਲਈ ਭਾਈ ਘਨੱਈਆ ਸੰਸਥਾ ਸੱਚੇ ਮਿੱਤਰ ਬਣਕੇ ਕਰ ਰਹੀ ਹੈ ਸੇਵਾ : ਮੇਅਰ ਸਾਹਿਬ

**ਪਟਿਆਲਾ/ਲੋਕ ਬਾਣੀ**

ਭਾਈ ਘਨੱਈਆ ਜੀ ਕੇਅਰ ਐਂਡ ਸਪੋਰਟ ਵੈਲਫੇਅਰ ਸੁਸਾਇਟੀ ਪਿੰਡਾਂ ਦੀਆਂ ਲੜਕੀਆਂ ਲਈ ਸੱਚਾ ਮਿੱਤਰ ਮਾਤਾ ਪਿਤਾ ਅਤੇ ਗੁਰੂ ਬਣਕੇ ਸੇਵਾ ਸਿਖਲਾਈ ਜਾਗਰਿਤੀ ਅਤੇ ਸਵੈ ਰੋਜ਼ਗਾਰ ਹਿਤ ਨਿਸ਼ਕਾਮ ਕਾਰਜ ਕਰ ਰਹੀ ਹੈ ਅਤੇ ਸੁਸਾਇਟੀ ਦੇ ਚੇਅਰਮੈਨ ਸ੍ਰੀ ਕ੍ਰਿਸ਼ਨ ਕੁਮਾਰ ਸੈਣੀ ਅਤੇ ਇਨਾਂ ਦੇ ਸਾਥੀ ਮਹਾਨ ਇਨਸਾਨ ਹਨ, ਇਹ ਵਿਚਾਰ ਸ੍ਰ ਅਮਰਜੀਤ ਸਿੰਘ ਸਿੱਧੂ ਮੇਅਰ ਮੋਹਾਲੀ ਨਗਰ ਨਿਗਮ ਨੇ ਪਿੰਡ ਮੌਲੀ ਬੈਦਵਾਨ ਵਿਖੇ ਲਾਇਬਰੇਰੀ ਪਾਰਕ ਅਤੇ ਸਿਲਾਈ ਕਢਾਈ ਕੰਪਿਊਟਰ ਸੈਂਟਰ ਦਾ ਉਦਘਾਟਨ ਕਰਨ ਉਪਰੰਤ ਪ੍ਰਸੰਸਾ ਕਰਦੇ ਹੋਏ ਪ੍ਰਗਟ ਕੀਤੇ। ਸ੍ਰੀ ਕੇ ਕੇ ਸੈਣੀ, ਸਾਬਕਾ ਡਿਪਟੀ ਸਕੱਤਰ ਪੰਜਾਬ ਰੈਡ ਕਰਾਸ ਚੈਅਰਮੈਨ ਨੇ ਦੱਸਿਆ ਕਿ ਪਿੰਡ ਵਿੱਚ ਲੜਕੀਆਂ ਅਤੇ ਔਰਤਾਂ ਲਈ ਭਾਈ ਘਨੱਈਆ ਜੀ ਕੇਅਰ ਸੁਸਾਇਟੀ ਵੱਲੋਂ ਮੁੱਫਤ ਸਿਲਾਈ ਕਢਾਈ ਅਤੇ ਕੰਪਿਊਟਰ ਸੈਂਟਰ ਚਲਾਇਆ ਜਾ ਰਿਹਾ ਸੀ ਅਤੇ ਪਾਸ ਹੋਣ ਵਾਲੀਆਂ ਜਰੂਰਤਮੰਦ ਸਿਖਿਆਰਥਣਾਂ ਨੂੰ ਸਿਲਾਈ ਮਸ਼ੀਨਾਂ ਵੀ ਸਨਮਾਨ ਵਜੋਂ ਦਿਤੀਆ।ਹੁਣ ਪਿੰਡ ਵਿੱਚ ਲਾਇਬਰੇਰੀ ਪਾਰਕ ਵੀ ਕਾਇਮ ਕੀਤਾ ਗਿਆ ਹੈ ਤਾਂ ਜੋ ਪਿੰਡਾਂ ਦੇ ਲੋਕ ਨੌਜਵਾਨ ਅਖਬਾਰਾਂ ਸਿਹਤ ਰੋਜ਼ਗਾਰ ਉੱਚ ਪੱਧਰੀ ਸਿੱਖਿਆ ਕਾਰੋਬਾਰ ਅਤੇ ਆਪਣੇ ਗਿਆਨ ਵਧਾਉਣ ਦੇ ਰਸਾਲੇ ਵੀ ਪੜ ਸਕਣ ਅਤੇ ਮੋਬਾਈਲਾਂ ਤੋਂ ਬਚ ਸਕਣ। ਸੀਨੀਅਰ ਡਿਪਟੀ ਮੇਅਰ ਸ੍ਰੀ ਅਮਰੀਕ ਸਿੰਘ ਸੋਮਲ, ਸ੍ਰੀ ਕੁਲਜੀਤ ਸਿੰਘ ਬੇਦੀ ਡਿਪਟੀ ਮੇਅਰ ਅਤੇ ਸ੍ਰੀ ਧਾਲੀਵਾਲ ਜੀ ਕਾਉਸਲਰ ਨੇ ਕਿਹਾ ਕਿ ਇਹ ਸੇਵਾ ਮੁਕਤ ਨੇਕ ਦਿਲ ਇਨਸਾਨ ਆਪਣੇ ਤਜਰਬੇ ਗਿਆਨ ਧੰਨ ਸਮੇਂ ਅਤੇ ਵਿਚਾਰਾਂ ਨਾਲ ਬੱਚਿਆਂ ਅਤੇ ਨੌਜਵਾਨਾਂ ਨੂੰ ਹਰ ਪ੍ਰਕਾਰ ਦੇ ਗੁਣ ਗਿਆਨ ਅਗਵਾਈ ਸਹਾਰਾ ਦੇ ਸਕਦੇ ਹਨ ਜਿਵੇ ਭਾਈ ਘਨੱਈਆ ਕੇਅਰ ਸਪੋਰਟ ਵੈਲਫੇਅਰ ਸੁਸਾਇਟੀ ਦੇ ਵਿਦਵਾਨ ਗਿਆਨਵਾਨ ਸੀਨੀਅਰ ਸਿਟੀਜਨ ਕਰ ਰਹੇ ਹਨ। ਇਸ ਮੌਕੇ ਸ੍ਰੀ ਕ੍ਰਿਸ਼ਨ ਕੁਮਾਰ ਸੈਣੀ, ਸ੍ਰੀ ਸੰਜੀਵ ਰਾਬੜਾ ਪ੍ਰਸ਼ੋਤਮ ਚੰਦ, ਨਰੈਸ ਵਰਮਾ ਸ੍ਰੀ ਅਗਨੀਹੋਤਰੀ ਜੀ, ਭੁਪਿੰਦਰ ਸਿੰਘ ਅਤੇ ਸੈਂਟਰ ਦੇ ਟੀਚਰ ਵਿਦਿਆਰਥਣਾਂ ਅਤੇ ਪਿੰਡ ਵਾਸੀ ਵੀ ਹਾਜਰ ਰਹੇ।

# ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਛੋਟਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਛੰਬ ਦਾ ਦੌਰਾ



**ਗੁਰਦਾਸਪੁਰ-ਨਵਨੀਤ ਕੁਮਾਰ**

ਜਨਾਬ ਮੁਹੰਮਦ ਇਸ਼ਫਾਕ ਡਿਪਟੀ ਕਮਿਸ਼ਨਰ ਵਲੋਂ ਛੋਟਾ ਘੱਲੂਘਾਰਾ ਸਮਾਰਕ , ਕਾਹਨੂੰਵਾਨ ਦਾ ਦੌਰਾ ਕੀਤਾ ਗਿਆ ਤੇ ਉਨ੍ਹਾਂ ਅਪਰੇਸ਼ਨ ਐਂਡ ਮੈਟੀਨੈਸ ਸੁਸਾਇਟੀ ਘੱਲੂਘਾਰਾ ਦੇ ਮੈਂਬਰਾਂ ਨਾਲ ਮੀਟਿੰਗ ਕਰਦਿਆਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਰਕ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਕਾਰਜ ਕਰਨ ਦੀ ਹਦਾਇਤ ਕੀਤੀ। ਇਸ ਮੌਕੇ ਸੇਵਾ ਮੁਕਤ ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇਜਿੰਦਰਪਾਲ ਸਿੰਘ ਸੰਧੂ ਅਤੇ ਹਰਜਿੰਦਰ ਸਿੰਘ ਸੰਧੂ ਡੀਡੀਪੀਓ ਗੁਰਦਾਸਪੁਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਸ ਮਹਾਨ ਯਾਦਗਾਰ ਉਸਾਰਨ ਦਾ ਮਕਸਦ ਨੌਜਵਾਨ ਪੀੜੀ ਨੂੰ ਆਪਣੇ ਇਤਿਹਾਸ ਨਾਲ ਜੋੜਨਾ ਹੈ ਅਤੇ ਆਪਣੇ ਕੀਮਤੀ ਸਰਮਾਏ ਨੂੰ ਸਾਂਭ ਕੇ ਰੱਖਣਾ ਹੈ। ਉਨ੍ਹਾਂ ਦੱਸਿਆ ਕਿ ਇਸ ਮੰਤਵ ਨੂੰ ਮੁੱਖ ਰੱਖਦਿਆਂ 14 ਜਨਵਰੀ ਨੂੰ ਮਾਘੀ ਦਾ ਪਵਿੱਤਰ ਤਿਉਹਾਰ ਮਨਾਇਆ ਜਾਵੇਗਾ ਅਤੇ 12 ਜਨਵਰੀ ਨੂੰ ਛੋਟਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਕੀਤੇ ਜਾਣਗੇ ਅਤੇ 14 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ। ਉਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੋਵਿਡ-19 ਦੇ ਪ੍ਰੋਟੋਕਾਲ ਨੂੰ ਮੁੱਖ ਰੱਖਦਿਆਂ ਤਿਆਰੀਆਂ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਇਸ ਸਮਾਰਕ ਵਿਖੇ ਯਾਤਰੀ ਵੱਧ ਤੋਂ ਵੱਧ ਆਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਯਾਤਰੀਆਂ ਨੂੰ ਇਸ ਮਾਹਨ ਯਾਦਗਾਰ ਦੇ ਇਤਿਹਾਸ ਦੇ ਦਸਤਾਵੇਜ਼ੀ ਫਿਲਮ ਵਿਖਾਉਣ ਲਈ ਆਡੀਓ-ਵਿਜ਼ੂਅਲ ਹਾਲ, ਵੀਡੀਓ ਹਾਲ ਤੋਂ ਇਲਾਵਾ ਇਥੇ ਵੱਖ-ਵੱਖ ਤਰਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨ ਪੀੜ੍ਹੀ ਆਪਣੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਹੋ ਸਕੇ। ਇਸ ਮੌਕੇ ਹਰਚਰਨ ਸਿੰਘ ਕੰਗ ਭੂਮੀ ਰੱਖਿਆ ਅਫ਼ਸਰ, ਹਰਮਨਪ੍ਰੀਤ ਸਿੰਘ ਜਾਇੰਟ ਸਕੱਤਰ ਜ਼ਿਲ੍ਹਾ ਹੈਰੀਟੇਜ ਸੁਸਾਇਟੀ , ਦਮਨਜੀਤ ਸਿੰਘ ਰਿਸ਼ੈਪਨਿਸ਼ਟ ਕਮ-ਗਾਈਡ ਛੋਟਾ ਘੱਲੂਘਾਰਾ ਮੈਮੋਰੀਅਲ, ਨਵਦੀਪ ਸਿੰਘ ਬਾਗਬਾਨੀ ਵਿਭਾਗ ਤੋਂ, ਸ੍ਰੀਮਤੀ ਮਨਦੀਪ ਕੌਰ ਅਤੇ ਆਪਰੇਸ਼ਨ ਐਂਡ ਮੈਟੀਨੈਸ ਸੁਸਾਇਟੀ ਘੱਲੂਘਾਰਾ ਦੇ ਮੈਂਬਰ ਹਾਜ਼ਰ ਸਨ।

# ਕਸਬਾ ਵਲਟੋਹਾ ਵਿਖੇ ਸੁਖਪਾਲ ਸਿੰਘ ਭੁੱਲਰ MLA ਹਲਕਾ ਖੇਮਕਰਨ ਵੱਲੋਂ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਟੈਬਲਟ ਵੰਡੇ

**ਅਮਰਕੋਟ/ਹਰਜੀਤ ਸਿੰਘ ਵਲਟੋਹਾ**

ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਤਹਿਤ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਟੈਬਲਟ ਵੰਡ ਸਮਾਰੋਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਕੰਨਿਆ ਵਿੱਚ ਕਰਵਾਇਆ ਗਿਆ ਇਸ ਸਮਾਰੋਹ ਦੇ ਮੁੱਖ ਮਹਿਮਾਨ ਸਰਦਾਰ ਸੁਖਪਾਲ ਸਿੰਘ ਭੁੱਲਰ MLA ਹਲਕਾ ਖੇਮਕਰਨਸਨ। ਲਾਇਬਰੇਰੀਆਂ ਨੂੰ ਦਿੱਤੇ ਜਾਣ ਵਾਲੇ ਇਹ ਟੈਬਲੇਟ 13 ਸਕੂਲਾਂ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਵੰਡੇ ਗਏ। ਇਹਨਾਂ ਸਕੂਲਾਂ ਵਿੱਚ ਖੇਮਕਰਨ(ਕੰ) ਖੇਮਕਰਨ ( ਮੁੰ)ਵਲਟੋਹਾ( ਕੰ) ਵਲਟੋਹਾ (ਮੁੰ) ਸੁਰ ਸਿੰਘ (ਕੰ) ਸੁਰ ਸਿੰਘ( ਮੁੰ) ਖਾਲੜਾ (ਕੰ) ਖਾਲੜਾ (ਮੁੰ) ਭਿੱਖੀਵਿੰਡ, ਕੱਚਾ ਪੱਕਾ, ਨਾਰਲੀ ,ਘਰਿਆਲਾ (ਕੰ) ਘਰਿਆਲਾ (ਮੁੰ) ਸਾਮਲ ਸਨ। ਇਹਨਾਂ ਸਕੂਲਾਂ ਦੇ ਪ੍ਰਿੰਸੀਪਲ ਇਸ ਵੰਡ ਸਮਾਰੋਹ ਵਿਚ ਟੈਬਲਟ ਲੈਣ ਲਈ ਸਾਮਲ ਹੋਏ। ਇਸ ਮੌਕੇ ਵਲਟੋਹਾ ਦੇ ਸਰਪੰਚ ਸਰਦਾਰ ਦਵਿੰਦਰ ਸਿੰਘ ਵਲਟੋਹਾ, ਜਜਬੀਰ ਸਿੰਘ ਵਲਟੋਹਾ, ਸਰਦਾਰ ਬੀਰ ਸਿੰਘ ਸਰਪੰਚ ਅਤੇ ਸਰਦਾਰ ਨਿਰਮਲ ਸਿੰਘ ਸਰਪੰਚ ਵੀ ਮੌਜੂਦ ਸਨ। ਇਸ ਮੌਕੇ ਕੰਨਿਆ ਸਕੂਲ ਵਲਟੋਹਾ ਦੇ ਪ੍ਰਿੰਸੀਪਲ ਸ੍ਰੀ ਵਿਜੈ ਕੁਮਾਰ ਸਰਮਾ ਜੀ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਸਭ ਨੂੰ ਜਾਣੂ ਕਰਵਾਇਆ।ਉਨ੍ਹਾਂ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਲਈ MLA ਸੁਖਪਾਲ ਸਿੰਘ ਭੁੱਲਰ ਦਾ ਧੰਨਵਾਦ ਕੀਤਾ। MLA ਸਾਹਿਬ ਨੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸਕੂਲ ਪ੍ਰਿੰਸੀਪਲ ਵਿਜੈ ਕੁਮਾਰ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ।ਇਸ ਮੌਕੇ ਡਿਪਟੀ DEO ਸੈਕੰਡਰੀ ਸ. ਗੁਰਬਚਨ ਸਿੰਘ ਲਾਲੀ ਨੇ ਵੀ ਸਰਕਾਰ ਦਾ ਧੰਨਵਾਦ ਕੀਤਾ ਅਤੇ ਪ੍ਰਿੰਸੀਪਲ ਵਿਜੈ ਕੁਮਾਰ ਦੀ ਸ਼ਲਾਘਾ ਕੀਤੀ। ਇਸ ਵੰਡ ਸਮਾਰੋਹ ਦਾ ਵਧੀਆ ਤਰੀਕੇ ਨਾਲ ਪ੍ਰਬੰਧ ਕਰਨ ਲਈ ਬਲਾਕ ਨੋਡਲ ਅਫਸਰ ਨੇ ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਇਸ ਵੰਡ ਸਮਾਰੋਹ ਵਿੱਚ ਕੰਨਿਆ ਸਕੂਲ ਵਲਟੋਹਾ ਦਾ ਸਮੂਹ ਸਟਾਫ ਵੀ ਹਾਜਰ ਸੀ।



# ਸ਼ੂਗਰ ਮਿੱਲ ਨਵਾਂਸ਼ਹਿਰ ਵਿਖੇ ਵੋਟ ਦੀ ਜ਼ਰੂਰੀ ਅਤੇ ਸਹੀ ਵਰਤੋਂ ਬਾਰੇ ਕੀਤਾ ਜਾਗਰੂਕ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਦੇ ਨਿਰਦੇਸ਼ਾਂ ਤਹਿਤ ਡਾ. ਬਲਜਿੰਦਰ ਸਿੰਘ ਢਿੱਲੋਂ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ-047 ਨਵਾਂਸ਼ਹਿਰ ਦੀ ਅਗਵਾਈ ਵਿੱਚ ਸਵੀਪ ਟੀਮ ਇੰਚਾਰਜ ਲੈਕਚਰਾਰ ਸੁਰਜੀਤ ਮਝੂਰ ਅਤੇ ਜਗਤ ਰਾਜ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਨੇ ਅੱਜ ਸ਼ੂਗਰ ਮਿੱਲ ਦੇ ਦਫਤਰੀ ਅਤੇ ਵਰਕਸ਼ਾਪ ਦੇ ਕਰਮਚਾਰੀਆਂ ਨੂੰ ਵੋਟ ਦੀ ਸਹੀ ਅਤੇ ਜ਼ਰੂਰੀ ਵਰਤੋਂ, ਕਿਸੇ ਪਾਰਟੀ ਅਤੇ ਜਾਤੀ-ਧਰਮ ਤੋਂ ਉੱਪਰ ਉੱਠ ਕੇ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਅਤੇ ਉਨ੍ਹਾਂ ਦੇ ਸ਼ੰਕਿਆਂ ਦੇ ਤਸੱਲੀਬਖਸ਼ ਜਵਾਬ ਦਿੱਤੇ।ਇਸਦੇ ਨਾਲ ਹੀ ਪ੍ਰੇਰਿਤ ਕਰਦੇ ਹੋਏ ਕਿਹਾ ਗਿਆ ਕਿ ਵੋਟ ਦਾ ਇਸਤੇਮਾਲ ਸਹੀ ਅਤੇ ਅਪਣੀ ਪਸੰਦ ਦੇ ਬੇਤਹਰੀਨ ਉਮੀਦਵਾਰ ਲਈ ਹੀ ਕੀਤਾ ਜਾਵੇ ਅਤੇ ਜੇਕਰ ਵਿਧਾਨ ਸਭਾ ਹਲਕੇ ਵਿੱਚ ਸਾਰੇ ਉਮੀਦਵਾਰ ਇਸ ਕਸਵੱਟੀ 'ਤੇ ਸਹੀ ਨਾ ਉਤਰਦੇ ਹੋਣ ਤਾਂ ਵੋਟ 'ਨੋਟਾ' 'ਤੇ ਵੀ ਪਾਈ ਜਾ ਸਕਦੀ ਹੈ। ਇਸ ਜਾਗਰੂਕਤਾ ਦਾ ਸੰਦੇਸ਼ ਅਤੇ ਮਕਸਦ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ ਤੱਕ ਜ਼ਰੂਰ ਪਹੁੰਚਾਇਆ ਜਾਵੇ ਤਾਂ ਕਿ ਸਹੀ ਲੋਕਤੰਤਰੀ ਕ੍ਰਾਂਤੀ ਪੈਦਾ ਕੀਤੀ ਜਾ ਸਕੇ। ਇਸ ਸਮੇਂ ਸ਼ੂਗਰ ਮਿੱਲ ਮੈਨੇਜਰ ਸ੍ਰੀ ਸ਼ੁਕਲਾ, ਪਵਿੱਤਰ ਸਿੰਘ, ਹਰਪਾਲ ਸਿੰਘ, ਸੰਜੇ ਕੁਮਾਰ ਸੁਪਰਡੰਟ, ਪਰਮਿੰਦਰ ਸਿੰਘ ਅਕਾਉਂਟੈਂਟ ਸਮੇਤ ਸਾਰੇ ਵੋਟਰ ਵਰਕਰ ਸ਼ਾਮਿਲ ਸਨ।

# ਭਾਸ਼ਾ ਵਿਭਾਗ ਵਲੋਂ ਲੇਖਕਾਂ ਦੀ ਕਰਵਾਈ ਜਾ ਰਹੀ ਡਾਇਰੈਕਟਰੀ ਤਿਆਰ : ਖੋਜ ਅ.ਫਸਰ

**ਜਲੰਧਰ/ਰਾਕੇਸ਼ ਵਰਮਾ**

ਖੋਜ ਅਫ਼ਸਰ ਜਲੰਧਰ ਮੈਡਮ ਨਵਨੀਤ ਰਾਏ ਨੇ ਦੱਸਿਆ ਕਿ ਭਾਸ਼ਾ ਵਿਭਾਗ, ਪੰਜਾਬ ਵਲੋਂ ਲੇਖਕਾਂ ਨਾਲ ਸਾਂਝ ਬਣਾਏ ਰੱਖਣ ਲਈ ਲੇਖਕਾਂ ਦੀ ਡਾਇਰੈਕਟਰੀ ਤਿਆਰ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਦੇ ਵਸਨੀਕ ਸਮੂਹ ਲੇਖਕ (ਕਵੀ/ ਗ਼ਜ਼ਲਗੋ/ ਕਹਾਣੀਕਾਰ/ਨਾਟਕਕਾਰ/ਕਲਾਕਾਰ/ਅਲੋਚਕ) ਆਪਣੇ ਵੇਰਵੇ ਭਾਸ਼ਾ ਵਿਭਾਗ ਦੇ ਦਫ਼ਤਰ ਕਮਰਾ ਨੰਬਰ 215, ਦੂਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਜਲੰਧਰ ਵਿਖੇ 14 ਜਨਵਰੀ 2022 ਤੱਕ ਦਰਜ ਕਰਵਾ ਸਕਦੇ ਹਨ।

# ਗੁਰਦੁਆਰਾ ਟਾਹਲੀ ਸਾਹਿਬ ਤੋਂ ਨਿਕਲਣ ਵਾਲਾ ਅੱਜ ਦਾ ਨਗਰ ਕੀਰਤਨ ਰੱਦ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਇਤਿਹਾਸਿਕ ਗੁਰੂਦੁਆਰਾ ਬਾਬਾ ਸ੍ਰੀ ਚੰਦ ਟਾਹਲੀ ਸਾਹਿਬ ਗਾਹਲੜੀ ਤੋਂ ਅੱਜ ਨਿਕਲਣ ਵਾਲਾ ਨਗਰ ਕੀਰਤਨ ਰੱਦ ਕੀਤਾ ਜਾਂਦਾ ਹੈ ।ਇਸ ਦੀ ਜਾਣਕਾਰੀ ਗੁਰਦੁਆਰਾ ਟਾਹਲੀ ਦੇ ਮੈਨੇਜਰ ਹਰਜੀਤ ਸਿੰਘ ਅਤੇ ਹੈੱਡ ਗ੍ਰੰਥੀ ਭਾਈ ਸਰਬਜੀਤ ਸਿੰਘ ਵੱਲੋਂ ਦਿੱਤੀ ਗਈ ਹੈ ।ਉਹਨਾ ਕਿਹਾ ਕਿ ਦੂਰੋ ਦੂਰੋ ਪਹੁੰਚਣ ਵਾਲੀਆਂ ਸੰਗਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਨਗਰ ਕੀਰਤਨ ਦਾ ਸਮਾਂ ਬਦਲਿਆ ਗਿਆ ਹੈ ,ਅਤੇ ਅਗਲਾ ਸਮਾਂ ਬਾਅਦ ਵਿੱਚ ਦੱਸ ਦਿੱਤਾ ਜਾਵੇਗਾ ।ਇਹ ਨਗਰ ਕੀਰਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਜੋ ਨਗਰ ਕੀਰਤਨ ਗੁਰਦੁਆਰਾ ਟਾਹਲੀ ਸਾਹਿਬ ਜੀ ਤੋਂ ਚੱਲ ਕੇ ਵੱਖ ਵੱਖ ਪਿੰਡਾਂ ਵਿੱਚੋਂ ਹੁੰਦੇ ਹੋਏ ਵਾਪਸੀ ਬਾਬਾ ਸ੍ਰੀ ਚੰਦ ਜੀ ਦੇ ਸਥਾਨ ਤੇ ਪਹੁੰਚਦਾ ਸੀ ।ਪਰ ਮੌਸਮ ਖਰਾਬ ਹੋਣ ਕਰਕੇ ਇਹ ਨਗਰ ਕੀਰਤਨ ਰੱਦ ਕੀਤਾ ਜਾਂਦਾ ਹੈ। ਜਿਨਾਂ ਸੰਗਤਾਂ ਨੇ ਲੰਗਰ ਆਦਿ ਦੀ ਸੇਵਾ ਸੰਭਾਲ ਕਰਨੀ ਸੀ ਉਹ ਸੰਗਤਾਂ ਨੋਟ ਕਰ ਲੈਣ ।ਬਾਕੀ ਧਾਰਮਿਕ ਸਮਾਗਮ ਉਸੇ ਤਰਾ ਹੀ 09/01/22 ਨੂੰ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਦੀਵਾਨ ਸਜਾਏ ਜਾਣਗੇ ਤੇ ਸੰਗਤਾਂ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਘਰ ਦੀ ਖ਼ੁੱਸ਼ੀਆਂ ਨੂੰ ਪ੍ਰਾਪਤ ਕਰਨ ।



# ਸਮਾਜਸੇਵੀ ਸੰਸਥਾਵਾਂ ਵੱਲੋਂ ਪੱਤਰਕਾਰ ਤੇਜਿੰਦਰ ਆਰਟਿਸਟ ਅਤੇ ਓਮਕਾਰ ਸੱਤੂ ਨੂੰ ਸਨਮਾਨਿਤ ਕੀਤਾ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਨਵੇਂ ਸਾਲ ਦੇ ਮੌਕੇ ਤੇ ਵਿਸੇਸ ਤੌਰ ਤੇ ਸਰਦਾਰ ਸੁਖਵੰਤ ਸਿੰਘ ਟਿੱਲੂ (ਅਕਾਲੀ ਦਲ ਸੰਯੁਕਤ ) ਤੇ ਡਾ: ਗਗਨਦੀਪ ਸਿੰਘ ਲਹਿਰੀ ( ਯੂਨਾਇਟੇਡ ਸਿੱਖਸ ) ਵਲੋਂ ਨਵੇਂ ਸਾਲ ਦੀ ਖੁਸੀ ਵਿਚ ਤੇਜਿੰਦਰ ਸਿੰਘ ਆਰਟਿਸਟ ( ਪ੍ਰਧਾਨ ਪੰਜਾਬ ਵੈੱਬ ਮੀਡਿਆ ਐਸੋਸੀਏਸਨ ਅਤੇ ਲੋਕ ਆਵਾਜ਼ ਮੰਚ ਪੰਜਾਬ ( ਪ੍ਰਧਾਨ) ) ਅਤੇ ਓਮਕਾਰ ਸਿੰਘ' ਸੱਤੂ' ਜੀ* ( ਪ੍ਰਧਾਨ ਲਲਹੇੜੀ ਰੋਡ ਸਾਪਕਿਪਰਜ ਐਸੋਸੀਏਸਨ) ਨੂੰ ਉਨ੍ਹਾਂ ਦੀ ਸਮਾਜ ਲਈ ਕੀਤੇ ਕੰਮਾਂ ਦੇ ਯੌਗਦਾਨ ਲਈ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਗਿਆ . ਤੇਜਿੰਦਰ ਜੀ ਅਤੇ ਓਮਕਾਰ ਸੱਤੂ ਜੀ ਹਮੇਸ਼ਾ ਸ਼ਹਿਰ ਅਤੇ ਸਮਾਜ ਦੇ ਮੁੱਦੇ ਉੱਪਰ ਨਿਰਪੱਖ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ ਅਤੇ ਅੱਗੇ ਵੀ ਕਰਦੇ ਰਹਿਣਗੇ।



# ਰੇਤ ਦੀ ਵੱਧ ਕੀਮਤ ਦੀ ਸਕਿਾਇਤ ਦਰਜ ਕਰਨ ਲਈ ਟੋਲ ਫ੍ਰੀ ਨੰਬਰ 1800-180-2422 ਜਾਰੀ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨੇ ਸੁੱਕਰਵਾਰ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਰੇਤੇ ਦੀਆਂ ਵੱਧ ਕੀਮਤਾਂ ਵਸੂਲਣ ਦੀਆਂ ਸਕਿਾਇਤਾਂ ਦਰਜ ਕਰਵਾਉਣ ਲਈ ਪੰਜਾਬ ਦੇ ਲੋਕਾਂ ਲਈ ਇੱਕ ਟੋਲ ਫ੍ਰੀ ਨੰਬਰ 1800-180-2422 ਜਾਰੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਪੰਜਾਬ ਰਾਜ ਰੇਤ ਅਤੇ ਬੱਜਰੀ ਮਾਈਨਿੰਗ ਨੀਤੀ, 2021 ਤਹਿਤ ਪਿਟ-ਹੈੱਡ ਤੋਂ ਰੇਤ 5.50 ਰੁਪਏ ਕਿਊਬਿਕ ਫੁੱਟ 'ਤੇ ਮੁਹੱਈਆ ਕਰਵਾਉਣ ਲਈ ਪਹਿਲਾਂ ਹੀ ਨੋਟੀਫਿਕੇਸਨ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਸਮਰਪਿਤ ਟੋਲ ਫ੍ਰੀ ਸਕਿਾਇਤ ਨੰਬਰ ਹੈ ਜੋ ਲੋਕਾਂ ਨੂੰ ਵੱਧ ਕੀਮਤ ਵਸੂਲੇ ਜਾਣ ਦੇ ਸਬੰਧ ਵਿੱਚ ਆਪਣੀ ਸਕਿਾਇਤ ਦਰਜ ਕਰਵਾਉਣ ਲਈ ਉਪਲਬਧ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਜਲ੍ਹਿੇ 'ਚ ਕਿਸੇ ਵੀ ਰੇਤ ਖੱਡ 'ਤੇ 5.50 ਰੁਪਏ ਪ੍ਰਤੀ ਘਣ ਫੁੱਟ ਦੀ ਦਰ ਤੋਂ ਵਧੇਰੇ ਦੀ ਵਸੂਲੀ ਕੀਤੀ ਜਾਂਦੀ ਹੈ ਤਾਂ ਤੁਰੰਤ ਸਕਿਾਇਤ ਕੀਤੀ ਜਾਵੇ। ਡਿਪਟੀ ਕਮਿਸਨਰ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਰੇਤੇ ਦੀਆਂ ਨਿਰਧਾਰਿਤ ਕੀਮਤਾਂ ਤੋਂ ਵੱਧ ਕੀਮਤ ਵਸੂਲਣ ਦੀ ਆਗਿਆ ਕਦਾਚਿੱਤ ਨਹੀਂ ਦਿੱਤੀ ਜਾ ਸਕਦੀ ਅਤੇ ਜੇਕਰ ਕੋਈ ਵੀ ਰੇਤਾ ਦੀ ਵੱਧ ਕੀਮਤ ਵਸੂਲਦਾ ਪਾਇਆ ਗਿਆ ਤਾਂ ਉਸ ਨਾਲ ਵੀ ਸਖਤੀ ਨਾਲ ਨਿਪਟਿਆ ਜਾਵੇਗਾ।

# ਸਿਹਤ ਵਿਭਾਗ ਵੱਲੋਂ ਹੋਟਲ/ਢਾਬੇ 'ਤੇ ਕੰਮ ਕਰਨ ਵਾਲੇ ਸਟਾਫ ਦਾ ਟੀਕਾਕਰਣ ਕਰਾਉਣ ਦੀ ਅਪੀਲ

**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਲੁਧਿਆਣਾ ਡਾ. ਐਸ.ਪੀ. ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਹਤ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਜ਼ਿਲ੍ਹੇ ਦੇ ਸਮੂਹ ਢਾਬਾ/ਹੋਟਲ ਮਾਲਕਾਂ ਅਤੇ ਖਾਣ-ਪੀਣ ਦੀਆਂ ਵਸਤਾਂ ਸਪਲਾਈ ਕਰਨ ਵਾਲਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜਲਦ ਆਪਣੇ ਸਟਾਫ ਦਾ ਸੰਪੂਰਨ ਟੀਕਾਕਰਣ ਕਰਵਾਉਣ। ਜ਼ਿਲ੍ਹਾ ਸਿਹਤ ਅਫ਼ਸਰ ਨੇ ਕਿਹਾ ਕੋਵਿਡ ਦੀ ਤੀਸਰੀ ਲਹਿਰ ਨੇ ਦਸਤਕ ਦੇ ਦਿੱਤੀ ਹੈ, ਇਸ ਲਈ ਕੋਵਿਡ-19 ਮਹਾਂਮਾਰੀ ਦੀ ਰੋਕਥਾਮ ਲਈ ਕੋਵਿਡ ਵੈਕਸੀਨ ਲਗਵਾਉਣੀ ਬੇਹੱਦ ਲਾਜ਼ਮੀ ਹੈ।ਉਨ੍ਹਾਂ ਕਿਹਾ ਹੋਟਲਾਂ/ਢਾਬਿਆਂ ਅਤੇ ਖਾਣ ਪੀਣ ਦੀਆਂ ਵਸਤਾਂ ਦੀ ਸਪਲਾਈ ਕਰਨ ਵਾਲੇ, ਆਪਣੇ ਅਧੀਨ ਕਰਮਚਾਰੀਆਂ ਜਿਸ ਵਿੱਚ ਸਬਜ਼ੀਆਂ ਕੱਟਣ ਵਾਲੇ, ਖਾਣਾ ਬਣਾਉਣ, ਖਾਣਾ ਸਪਲਾਈ ਕਰਨ ਅਤੇ ਹੋਰ ਸਟਾਫ ਜਿਹੜਾ ਕਿ ਗ੍ਰਾਹਕਾਂ ਦੇ ਸੰਪਰਕ ਵਿੱਚ ਆਉਂਦਾ ਹੈ, ਦਾ ਤੁਰੰਤ ਟੀਕਾਕਰਣ ਕਰਵਾਇਆ ਜਾਵੇ ਤਾਂ ਜੋ ਕਿਸੇ ਵੀ ਵਿਅਕਤੀ ਦੇ ਪੋਜ਼ਟਿਵ ਹੋਣ ਕਾਰਨ ਇਸ ਦੀ ਲੰਬੀ ਚੇਨ ਨਾ ਬਣੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਾਰੀ ਨਵੀਆਂ ਕੋਰਨਾ ਸਬੰਧੀ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ ਜਿਸ ਦੇ ਤਹਿਤ ਆਪਸੀ ਵਿੱਥ, ਹੱਥਾਂ ਦੀ ਸਫਾਈ ਅਤੇ ਮਾਸਕ ਚੰਗੀ ਤਰ੍ਹਾਂ ਪਹਿਨਿਆ ਜਾਵੇ।



# ਸ਼ਹਿਰੀ ਵਿਕਾਸ ਬਣਿਆ ਆਮ ਲੋਕਾਂ ਅਤੇ ਦੁਕਾਨਦਾਰਾਂ ਲਈ ਜੀਅ ਦਾ ਜੰਜਾਲ

## ■ ਟੁੱਟੀਆਂ ਸੜਕਾਂ ਕਾਰਨ ਦਿਖਾਈ ਦਿੱਤਾ ਚਿੱਕੜ ਹੀ ਚਿੱਕੜ

**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਰਾਏਕੋਟ ਸਹਿਰ ਦੇ ਸੁੰਦਰੀਕਰਨ ਅਤੇ ਸਹਿਰ ਵਾਸੀਆਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਪੂਰਾ ਕਰਨ ਲਈ ਨਗਰ ਕੌਂਸਲ ਰਾਏਕੋਟ ਵੱਲੋਂ ਆਰੰਭੇ ਵਿਕਾਸ ਕਾਰਜ ਜਿਹਨਾਂ ਦੀ ਸੁਰੂਆਤ ਪਾਰਲੀਮੈਂਟ ਮੈਂਬਰ ਡਾ.ਅਮਰ ਸਿੰਘ ਅਤੇ ਹਲਕਾ ਇੰਚਾਰਜ ਕਾਮਿਲ ਬੋਪਾਰਾਏ ਦੀ ਅਗਵਾਈ ਵਿੱਚ ਵੱਡੀ ਪੱਧਰ ਤੇ ਅਰੰਭੇ ਗਏ ਹਨ।ਪਰ ਅਫਸੋਸ ਕਿ ਇਹਨਾਂ ਵਿਕਾਸ ਕਾਰਜਾਂ ਦੀ ਢਿੱਲੀ ਰਫਤਾਰ ਕਾਰਨ ਸਹਿਰ ਵਾਸੀਆਂ ਅਤੇ ਦੁਕਾਨਦਾਰਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਦੇਖਿਆ ਜਾਵੇ ਤਾਂ ਸਹਿਰ ਅੰਦਰ ਬੈਂਕ ਕਾਲੋਨੀ,ਪ੍ਰੋਫੈਸਰ ਕਾਲੋਨੀ, ਰਾਮਦਾਸ ਨਗਰ,ਈਦਗਾਹ ਰੋਡ,ਮਹੁੱਲਾ ਕੁੱਲਾਪੱਤੀ,ਮੁਹੱਲਾ ਪ੍ਰੇਮ ਨਗਰ, ਮਲੇਰਕੋਟਲਾ ਰੋਡ ਤੇ ਸੀਵਰੇਜ ਸਿਸਟਮ ਅਤੇ ਇੰਟਰਲਾਕ ਟਾਇਲਾਂ ਲਾਉਣ ਲਈ ਆਉਣ ਜਾਣ ਦੇ ਸਾਰੇ ਰਸਤੇ ਪੁੱਟੇ ਹੋਏ ਹਨ। ਜਿਸ ਕਾਰਨ ਜਿੱਥੇ ਸਹਿਰ ਦੇ ਇਹਨਾਂ ਇਲਾਕਿਆਂ ਦੇ ਵਸਨੀਕਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਹੀ ਸਾਲ ਪਹਿਲਾਂ ਕਰੋਨਾ ਦੀ ਮਾਰ ਝੱਲਦਿਆਂ ਆਰਥਿਕ ਮੰਦੀ ਦੇ ਸਕਿਾਰ ਸਹਿਰੀ ਦੁਕਾਨਦਾਰਾਂ ਨੂੰ ਬਾਜਾਰ ਵਿੱਚ ਗ੍ਰਹਾਕਾਂ ਦੇ ਪਹੁੰਚਣ ਵਾਲੇ ਰਸਤਿਆਂ ਦੇ ਬੰਦ ਹੋਣ ਕਾਰਨ ਦੁਕਾਨਦਾਰਾਂ ਨੂੰ ਭਾਰੀ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਦਿਨ ਤੋਂ ਹੋ ਰਹੀ ਬਰਸਾਤ ਦੇ ਮੌਸਮ ਕਾਰਨ ਰਾਏਕੋਟ ਸਹਿਰ ਦੇ



ਵੱਡੇ ਹਿੱਸੇ ਵਿੱਚ ਚਿੱਕੜ ਹੀ ਚਿੱਕੜ ਨਜਰ ਆ ਰਿਹਾ ਹੈ ਜੋ ਵੱਡੇ ਕਿਸੇ ਵੱਡੇ ਹਾਦਸੇ ਦਾ ਕਾਰਨ ਬਣ ਸਕਦਾ ਹੈ।ਭਾਵੇਂ ਕਿ ਇਹ ਵਿਕਾਸ ਕਾਰਜ ਰਾਏਕੋਟ ਸਹਿਰ ਲਈ ਵਰਦਾਨ ਸਾਬਿਤ ਸਿੱਧ ਹੋ ਸਕਦੇ ਹਨ ਪਰ ਇਹਨਾਂ ਕਾਰਜਾਂ ਦਾ ਸਮੇਂ ਸਿਰ ਪੂਰਾ ਨਾ ਹੋਣਾ ਨਗਰ ਕੌਂਸਲ ਤੇ ਹਲਕੇ ਦੇ ਕਾਂਗਰਸੀ ਨੁਮਾਇੰਦਿਆਂ ਤੇ ਸਵਾਲੀਆ ਚਿੰਨ੍ਹ ਖੜ੍ਹੇ ਕਰਦੇ ਨਜਰ ਆ ਰਹੇ ਹਨ। ਉੱਥੇ ਹੀ ਇਹਨਾਂ ਕਾਰਜਾਂ ਦੇ ਅਧੂਰੇਪਣ ਦੇ ਕਾਰਨ ਮੁਸੀਬਤਾਂ ਦਾ ਸਾਹਮਣਾ ਕਰਦੇ ਸਹਿਰ ਵਾਸੀਆਂ ਦੀ ਨਾਰਾਜਗੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੌਜੂਦਾ ਹੁਕਮਰਾਨ ਧਿਰ ਲਈ ਬਿਪਤਾ ਦਾ ਕਾਰਨ ਬਣ ਸਕਦੇ ਹਨ।

(ਕੀ ਕਹਿਣਾ ਕਾਰਜ ਸਾਧਕ ਅਫਸਰ ਦਾ) : ਜਦੋਂ ਸ਼ਹਿਰ ਦੇ ਇਹਨਾਂ ਵਿਕਾਸ ਕਾਰਜਾਂ ਦਾ ਸਮੇਂ ਸਿਰ ਨੇਪਰੇ ਨਾ ਚੜੇ ਜਾਣ ਸੰਬੰਧੀ ਜਦੋਂ ਨਗਰ ਕੌਂਸਲ ਰਾਏਕੋਟ ਦੇ ਈ.ਓ ਅਮਰਿੰਦਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਕਿਹਾ ਕਿ ਬਰਸਾਤੀ ਮੌਸਮ ਦੇ ਕਾਰਨ ਇਹ ਕਾਰਜਾਂ ਨੂੰ ਨੇਪਰੇ ਚਾੜ੍ਹਨ ਵਿੱਚ ਸਮਾ ਲੱਗ ਰਿਹਾ। ਉਹਨਾਂ ਕਿਹਾ ਕਿ ਜਲਦੀ ਹੀ ਇਹਨਾਂ ਕਾਰਜਾਂ ਨੂੰ ਪੂਰਾ ਕਰ ਲਿਆ ਜਾਵੇਗਾ।

# ਪਟਿਆਲਾ ਪ੍ਰਸ਼ਾਸਨ ਵਿੱਚ ਜੁਆਬਦੇਹੀ ਦੇ ਕਿਸੇ ਵੀ ਪ੍ਰਕਾਰ ਦੇ ਅਹਿਸਾਸ ਤੋਂ ਮੁਕਤ ਹੋਣ ਦੇ ਲਗਾਏ ਦੋਸ਼

**ਪਟਿਆਲਾ/ਲੋਕ ਬਾਣੀ**

ਡੈਮੋਕ੍ਰੇਟਿਕ ਮਨਰੇਗਾ ਫ਼ਰੰਟ (ਡੀ ਐਮ.ਐਫ ) ਵੱਲੋ ਪਟਿਆਲਾ ਪ੍ਰਸ਼ਾਸਨ ਵਿੱਚ ਜੁਆਬਦੇਹੀ ਦੇ ਕਿਸੇ ਵੀ ਪ੍ਰਕਾਰ ਦੇ ਅਹਿਸਾਸ ਤੋਂ ਮੁਕਤ ਹੋਣ ਦੇ ਦੋਸ਼ ਲਗਾਏ ਗਏ। ਫਰੰਟ ਦੇ ਸੂਬਾ ਪ੍ਰਧਾਨ ਰਾਜ ਕੁਮਾਰ ਕਨਸੂਹਾ ਨੇ ਦੱਸਿਆ ਕਿ 2.11.2021 ਨੂੰ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਸਰਹੰਦ ਰੋਡ ਪਟਿਆਲਾ ਵਿਖੇ ਧਰਨਾ ਦੇਕੇ ਉਨ੍ਹਾਂ ਵੱਲੋ ਬਲਾਕ ਨਾਭਾ, ਸਮਾਣਾ ਅਤੇ ਦਿਹਾਤੀ ਪਟਿਆਲਾ ਦੇ 12 ਪਿੰਡਾਂ ਦੇ ਮੰਗ ਪੱਤਰ ਏ ਡੀ ਸੀ (ਵਿਕਾਸ) ਰਾਹੀਂ ਸੰਯੁਕਤ ਵਿਕਾਸ ਕਮਿਸ਼ਨਰ ਪੰਜਾਬ ਦੇ ਨਾਮ ਸੌਂਪੇ ਗਏ ਸਨ ਪਰ ਪ੍ਰਸ਼ਾਸਨ ਨੇ ਉਹ ਮੰਗ ਚੰਡੀਗੜ੍ਹ ਭੇਜਣ ਦੀ ਥਾਂ ਆਪਣੇ ਕੋਲ ਹੀ ਰੱਖ ਰੱਖੇ ਹਨ। ਜਦੋ ਉਨ੍ਹਾਂ ਏ ਡੀ ਸੀ( ਵਿਕਾਸ) ਦੇ ਦਫਤਰ ਪਟਿਆਲਾ ਚੋ ਪਤਾ ਕੀਤਾ ਤਾਂ ਅਧਿਕਾਰੀਆਂ ਨੇ ਕਿਹਾ ਕਿ ਅਸੀਂ ਉਸ ਅਰਜ਼ੀ 'ਤੇ ਐਕਸ਼ਨ ਲੈ ਕੇ ਹੇਠਾਂ ਅਧਿਕਾਰੀਆਂ ਨੂੰ ਪੱਤਰ ਕੱਢ ਦਿੱਤੇ ਹਨ, ਉੱਪਰੋਂ ਵੀ ਉਨ੍ਹਾਂ ਇਹੀ ਲਿਖ ਕੇ ਭੇਜਣਾ ਸੀ। ਡੀ ਐਮ ਐਫ ਦੇ ਸੂਬਾ ਸਕੱਤਰ ਸੁਨੀਤਾ ਤਾ ਰਾਣੀ ਕੈਦੂਪੁਰ ਨੇ ਕਿਹਾ ਕਿ ਐਕਸ਼ਨ ਤਾਂ ਕਿਤੇ ਦਿਖਾਈ ਦਿੱਤਾ ਨਹੀਂ ਪਰ ਇਹ ਆਮ ਨਾਗਰਿਕ ਨਾਲ ਸਰਾਸਰ ਧੋਖਾਧੜੀ ਹੈ। ਉਨ੍ਹਾਂ ਕਿਹਾ ਕਿ ਇਸਦਾ ਮਤਲਬ ਇਹ ਤੰਤਰ ਵਿੱਚ ਆਮ ਵਿਅਕਤੀ ਦੀ ਸੰਘੀ ਘੁੱਟਣ ਦੇ ਸਾਰੇ ਹੱਕ ਅਫਸਰਾਂ ਕੋਲ ਹਨ ਤੇ ਉਸਦੀ ਆਵਾਜ਼ ਕਿੱਥੋਂ ਤੱਕ ਜਾਏਗੀ ਇਹ ਵੀ ਮੌਕੇ ਦਾ ਅਫਸਰ ਤੈਅ ਕਰੇਗਾ। ਉਨ੍ਹਾਂ ਪੁਰਜ਼ੋਰ ਸ਼ਬਦਾਂ ਚ ਪਟਿਆਲਾ ਪ੍ਰਸ਼ਾਸਨ ਦੀ ਨਿੰਦਾ ਕਰਦੇ ਹੋਏ, ਦੋਸ਼ੀਆਂ ਉੱਪਰ ਸਖਤ ਕਾਰਵਾਈ ਦੀ ਮੰਗ ਕੀਤੀ ਹੈ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਗਊਸ਼ਾਲਾਵਾਂ ਨੂੰ ਵਿੱਤੀ ਸਹਾਇਤਾ, ਸਰਕਾਰ ਦਾ ਸ਼ਲਾਘਾਯੋਗ ਉਪਰਾਲਾ : ਗਊਸ਼ਾਲਾ ਪ੍ਰਬੰਧਕ

**ਰਾਏਕੋਟ/ਨਾਮਪ੍ਰੀਤ ਸਿੰਘ ਗੋਗੀ**

ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ 'ਚ ਸੂਬੇ ਦੀ 457 ਗਊਸ਼ਾਲਾਵਾਂ ਨੂੰ ਪਸ਼ੂਧਨ ਦੀ ਦੇਖਭਾਲ ਕਰਨ ਲਈ 5-5 ਲੱਖ ਰੁਪਏ ਦੀ ਦਿੱਤੀ ਗਈ ਵਿੱਤੀ ਸਹਾਇਤਾ ਅਤੇ ਗਊਸ਼ਾਲਾਵਾਂ ਦੇ ਬਕਾਇਆ ਬਿਜ਼ਲੀ ਬਿੱਲ ਮੁਆਫ਼ ਕਰਨਾ ਇਕ ਸ਼ਲਾਘਾਯੋਗ ਕਦਮ ਹੈ, ਇਹ ਪ੍ਰਗਟਾਵਾ ਸਥਾਨਕ ਸ਼ਹਿਰ ਦੀਆਂ ਤਿੰਨ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾ. ਪ੍ਰਵੀਨ ਅੱਗਰਵਾਲ (ਪ੍ਰਧਾਨ ਭਗਵਾਨ ਸ੍ਰੀ ਕ੍ਰਿਸ਼ਨ ਗਊਸ਼ਾਲਾ), ਇੰਦਰਪਾਲ ਗੋਲਡੀ (ਗੋਵਿੰਦ ਗਊਧਾਮ ਸੁਖਾਣਾ), ਰਾਜਨ ਸੱਭਰਵਾਲ (ਗਊਧਾਮ ਸਹਿਬਾਜ਼ਪੁਰਾ) ਨੇ ਕਿਹਾ ਕਿ ਗਊਸ਼ਾਲਾ ਪ੍ਰਬੰਧਕ ਪਿਛਲੇ ਕਾਫੀ ਲੰਮੇ ਸਮੇਂ ਤੋਂ ਸਰਕਾਰ ਨੂੰ ਗਊਸ਼ਾਲਾਵਾਂ ਦੇ ਬਿਜ਼ਲੀ ਬਿੱਲ ਮੁਆਫ਼ ਕਰਨ ਲਈ ਮੰਗ ਕਰਦੇ ਆ ਰਹੇ ਸਨ, ਜਿਸ ਨੂੰ ਪੂਰਾ ਕਰਦੇ ਹੋਏ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਨਾਂ ਕੇਵਲ ਗਊਸ਼ਾਲਾਵਾਂ ਦੇ ਬਿਜ਼ਲੀ ਬਿੱਲ ਮੁਆਫ਼ ਕੀਤੇ ਗਏ ਹਨ, ਬਲਕਿ ਪਸ਼ੂ ਪਾਲਣ ਵਿਭਾਗ ਵਲੋਂ ਸੂਬੇ ਦੀਆਂ 457 ਗਊਸ਼ਾਲਾਵਾਂ ਨੂੰ 5-5 ਲੱਖ ਦੀ ਵਿੱਤੀ ਸਹਾਇਤਾ ਦੇ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਗਊਸ਼ਾਲਾਵਾਂ ਦੇ ਪ੍ਰਬੰਧਕਾਂ ਨੂੰ ਕਾਫੀ ਰਾਹਤ ਮਿਲੇਗੀ। ਸਰਕਾਰ ਦੇ ਇਸ ਉਪਰਾਲੇ ਲਈ ਪੰਡਤ ਕ੍ਰਿਸ਼ਨ ਕੁਮਾਰ ਜੋਸ਼ੀ, ਇੰਦਰਪਾਲ ਗੋਲਡੀ, ਡਾ. ਪ੍ਰਵੀਨ ਅੱਗਰਵਾਲ, ਰਾਜਨ ਸੱਭਰਵਾਲ, ਰਮੇਸ਼ ਕੌੜਾ, ਪ੍ਰਧਾਨ ਸੁਦਰਸ਼ਨ ਜੋਸ਼ੀ, ਪ੍ਰਧਾਨ ਭੂਸ਼ਨ ਜੈਨ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ, ਮੰਤਰੀ ਵਿਜੇ ਇੰਦਰ ਸਿੰਗਲਾ ਦਾ ਧੰਨਵਾਦ ਕੀਤਾ।



# ਥੋੜੇ ਜਿਹੇ ਮੀਂਹ ਨਾਲ਼ ਖੰਨੇ ਦੀਆਂ ਸੜਕਾਂ ਬਣਿਆ ਨਰਕ, ਸੜਕਾਂ ਗਲੀਆਂ 'ਵਿੱਚ' ਥਾਂ ਥਾਂ ਖੱਡੇ, ਦਲ ਦਲ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਖੰਨਾ ਸ਼ਹਿਰ ਦੇ ਵਿੱਚ ਵਿਕਾਸ ਦੇ ਨਾਂ ਤੇ ਕਰੋੜਾਂ ਰੁਪਏ ਲਗਾਏ ਜਾਣ ਦੇ ਵੱਡੇ ਵੱਡੇ ਦਾਅਵੇ ਵਿਧਾਇਕ ਅਤੇ ਹੁਣ ਕੇਬੇਨਿਟ ਮੰਤਰੀ ਵੱਲੋਂ ਕੀਤੇ ਜਾ ਰਹੇ ਹਨ ਆਪਣੇ ਪਿਛਲੇ ਪੋਣੇ ਪੰਜ ਸਾਲਾਂ ਦੀ ਕਾਰਜਸ਼ੈਲੀ ਨੂੰ ਲੁਕਾਉਣ ਲਈ ਹੁਣ ਦੋ ਮਹੀਨੇ ਪਹਿਲਾਂ ਜੰਗੀ ਪੱਧਰ ਤੇ ਸ਼ਹਿਰ ਖੰਨਾ ਦੇ ਵਾਰਡਾਂ ਦੀਆਂ ਵਿਚਲੀਆਂ ਗਲੀਆਂ, ਸੜਕਾਂ, ਸੀਵਰੇਜ਼ ਵਿਕਾਸ ਕਰਨਾ ਚਾਹੰਦੇ ਹਨ ਅਤੇ ਨੀਂਹ ਪੱਥਰ ਤੇ ਨੀਂਹ ਪੱਥਰ ਰੱਖਣ ਤੇ ਜ਼ੋਰ ਦਿੱਤਾ ਹੋਇਆ ਹੈ ਦੱਸ ਦਈਏ ਕਿ ਜਿਨ੍ਹਾਂ ਵਾਰਡਾਂ, ਮੁਹੱਲਿਆਂ ਵਿੱਚ ਲੰਮੇ ਸਮੇਂ ਤੋਂ ਕੰਮ ਚੱਲ ਰਿਹਾ ਹੈ ਹਾਲੇ ਤੱਕ ਪੁਰਾ ਨਹੀਂ ਕੀਤਾ ਹੈ ਜਿਨ੍ਹਾਂ ਦੀਆਂ ਸੜਕਾਂ ਅੱਜ ਦੇ ਮੀਂਹ ਦੇ ਦਿਨ ਵਿੱਚ ਨਰਕ ਵਰਗੀਆਂ ਬਣ ਗਈਆਂ ਹਨ ਅਤੇ ਲੋਕ ਮੌਜੂਦਾ, ਸਰਕਾਰ ਅਤੇ ਹਲਕਾ ਵਿਧਾਇਕ ਹੁਣ ਕੇਬੇਨਿਟ ਮੰਤਰੀ ਨੂੰ ਕੋਸ ਰਹੇ ਹਨ ਲੋਕਾਂ ਦਾ ਕਹਿਣਾ ਕਿ ਖੰਨਾ ਦੇ ਵਿਕਾਸ ਦੇ ਨਾਂ ਤੇ ਕਰੋੜਾਂ ਰੁਪਏ ਆਏ ਹਨ ਪਰ ਸ਼ਹਿਰ ਦੀਆਂ ਸੜਕਾਂ ਆਪ ਬਿਆਨ ਕਰ ਰਹੀਆਂ ਹਨ ਲੋਕਾਂ ਦਾ ਕਹਿਣਾ ਕਿ ਵਿਕਾਸ ਲਈ ਆਇਆ ਪੈਸਾ ਕੌਣ ਖਾ ਗਿਆ ਜਿਸ ਤਹਿਤ ਸ਼ਹਿਰ ਦੇ ਲਲਹੇੜੀ ਰੋਡ ਪੁਲ ਹੇਠਾਂ, ਨਜ਼ਦੀਕ ਆਦਰਸ਼ ਸਿਨੇਮਾ, ਰੇਲਵੇ ਲਾਈਨ ਪਾਰ ਦੇ ਇਲਾਕੇ ਦੇ ਵਾਰਡਾਂ ਤੋਂ ਇਲਾਵਾਂ ਅਨੇਕਾਂ ਇਲਾਕੇ ਹਨ ਜਿਨ੍ਹਾਂ ਵਿਚ ਸੀਵਰੇਜ਼ ਦਾ ਕੰਮ ਹੀ ਹਾਲੇ ਮੁਕੰਮਲ ਨਹੀਂ ਹੋਇਆ ਹੈ ਅਤੇ ਬਾਰ ਬਾਰ ਗਲੀਆਂ ਮੁਹੱਲਿਆਂ ਵਿੱਚ ਸੀਵਰੇਜ਼ ਦੇ ਨਾਮ ਤੇ ਪੁਟਾਈ ਕੀਤੀ ਜਾ ਰਹੀ ਹੈ ਜਿਸ ਨਾਲ ਪਏ ਮੀਂਹ ਨੇ ਉਕਤ ਸੜਕਾਂ ਵਿੱਚ ਬਣੇ ਖੱਡੇ, ਦਲ ਦਲ, ਚਿੱਕੜ, ਰਾਹੀਂ ਵੱਡੀ ਗਿਣਤੀ ਵਿੱਚ ਵਾਹਨ ਧੰਸ ਰਹੇ ਫੱਸ ਰਹੇ ਹਨ ਅਤੇ ਅਨੇਕਾਂ ਲੋਕ ਜ਼ਖਮੀ ਵੀ ਹੋ ਗਏ ਹਨ ਤੇ ਹੋ ਵੀ ਰਹੇ ਹਨ ਪੰਜਾਬ ਲੋਕ ਕਾਂਗਰਸ ਪਾਰਟੀ ਦੀ ਨੇਤਾ ਰਾਣੀ ਰਮਨੀਕ ਕੌਰ ਗਰੇਵਾਲ ਦਾ ਕਹਿਣਾ ਕਿ ਜਿਸ ਸਰਕਾਰ ਦੇ ਵਿਕਾਸ ਪ੍ਰਤਿ ਅਤੇ ਹਲਕਾ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਕਾਰਨ ਢਿੱਲੀ ਕਾਰਜ ਸ਼ੈਲੀ ਨੂੰ ਲੋਕ ਕੋਸ ਰਹੇ ਹਨ ਇਲਾਕੇ ਨਿਵਾਸੀਆਂ ਨੇ ਦੱਸਿਆ ਕਿ ਵਿਕਾਸ ਦੀ ਰਫ਼ਤਾਰ ਕੀੜੀ ਦੀ ਰਫ਼ਤਾਰ ਨਾਲੋਂ ਵੀ ਹੋਲੀ ਹੋਣ ਕਾਰਨ ਵੱਡੇ ਇਲਾਕੇ ਦੇ ਲੋਕਾਂ ਦਾ ਕਹਿਣਾ ਕਿ ਇਸ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਉਹਨਾਂ ਦਾ ਕਹਿਣਾ ਕਿ ਗਲੀਆਂ, ਸੜਕਾਂ ਵਿੱਚ ਸੀਵਰੇਜ਼ ਦੀਆਂ ਪਾਈਪਾਂ ਪਾਉਣ ਦੇ ਨਾਲ ਪੁੱਟੇ ਖੱਡੀਆਂ ਕਾਰਨ ਨਿਕਲੀਆਂ ਇੰਟਰਲਾਕਿੰਗ ਟਾਈਲਾਂ ਗਲੀਆਂ ਵਿੱਚ ਉਸੇ ਤਰ੍ਹਾਂ ਪਈਆਂ ਹਨ ਅਜੇ ਤੱਕ ਨਹੀਂ ਚੁੱਕਿਆ ਗਈਆਂ ਅਤੇ ਕਿਸੇ ਵੀ ਗਲੀ ਦਾ ਕੰਮ ਪੁਰਾ ਨਹੀਂ ਕੀਤਾ ਜਾਂਦਾ ਕੌਂਸਲਰਾਂ ਨੇ ਵੋਟਾਂ ਲੈਕੇ ਚੁੱਪ ਧਾਰ ਲਿਆ ਹੈ ਕਿ ਅਸੀਂ ਪੰਜ ਸਾਲ ਲਈ ਪੱਕੇ ਹਾਂ ਕੁੱਛ ਸਮੇਂ ਬਾਅਦ ਬਾਰ ਬਾਰ ਪੁਟਾਈ ਕਾਰਨ ਲੋਕਾਂ ਦਾ ਪੈਦਲ ਚਲਣਾ ਵੀ ਮੁਸ਼ਕਲ ਹੋ ਗਿਆ ਹੈ ਲੋਕਾਂ ਦਾ ਕਹਿਣਾ ਕਿ ਕੋਂਸਲਰਾਂ ਨੇ ਆਪਣੇ ਕਰੀਬੀਆ, ਚਹੇਤਿਆਂ ਦੀਆਂ ਗਲੀਆਂ ਬਣਾਉਣ ਤੇ ਜਿਆਦਾ ਜ਼ੋਰ, ਧਿਆਨ ਦਿੱਤਾ ਹੋਇਆ ਹੈ ਜਿਸਦਾ ਖਮਿਆਜ਼ਾ ਆਉਣ ਵਾਲੀਆਂ ਵਿਧਾਨਸਭਾ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ ਜਦੋਂ ਕਿ ਹਲਕਾ ਵਿਧਾਇਕ ਅਤੇ ਮੰਤਰੀ ਵੱਲੋਂ ਕਰੋੜਾਂ ਰੁਪਏ ਵਿਕਾਸ ਤੇ ਲਗਾਉਣ ਦੇ ਦਾਅਵੇ ਕਰ ਰਹੇ ਹਨ ਅਤੇ ਨੀਂਹ ਪੱਥਰ ਤੇ ਨੀਂਹ ਪੱਥਰ ਰੱਖਣ ਤੇ ਜ਼ੋਰ ਦਿੱਤਾ ਹੋਇਆ ਹੈ ਦੱਸ ਦਈਏ ਕਿ ਜਿਨ੍ਹਾਂ ਵਾਰਡਾਂ, ਮੁਹੱਲਿਆਂ ਵਿੱਚ ਲੰਮੇ ਸਮੇਂ ਤੋਂ ਕੰਮ ਚੱਲ ਰਿਹਾ ਹੈ ਹਾਲੇ ਤੱਕ ਪੁਰਾ ਨਹੀਂ ਕੀਤਾ ਹੈ ਜਿਨ੍ਹਾਂ ਦੀਆਂ ਸੜਕਾਂ ਅੱਜ ਦੇ ਮੀਂਹ ਦੇ ਦਿਨ ਵਿੱਚ ਨਰਕ ਵਰਗੀਆਂ ਬਣ ਗਈਆਂ ਹਨ ਅਤੇ ਲੋਕ ਮੌਜੂਦਾ, ਸਰਕਾਰ ਅਤੇ ਹਲਕਾ ਵਿਧਾਇਕ ਹੁਣ ਕੇਬੇਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੂੰ ਕੋਸ ਰਹੇ ਹਨ ਰਾਣੀ ਜੀ ਅਤੇ ਲੋਕਾਂ ਦਾ ਕਹਿਣਾ ਕਿ ਖੰਨਾ ਦੇ ਵਿਕਾਸ ਦੇ ਨਾਂ ਤੇ ਕਰੋੜਾਂ ਰੁਪਏ ਆਏ ਹਨ ਪਰ ਸ਼ਹਿਰ ਦੀਆਂ ਸੜਕਾਂ ਆਪ ਬਿਆਨ ਕਰ ਰਹੀਆਂ ਹਨ।



**■ ਸਰਕਾਰ ਆਉਣ ਤੇ ਕਿੱਥੇ ਗਿਆ ਪੈਸਾ ਵਿਕਾਸ ਲਈ ਆਇਆ ਹੋਵੇਗੀ ਜਾਂਚ, ਲਵਾਂਗੇ ਇੱਕ ਇੱਕ ਪੈਸੇ ਦਾ ਹਿਸਾਬ: ਰਾਣੀ ਰਮਨੀਕ ਕੌਰ ਗਰੇਵਾਲ**

# ਸੀਆਈਡੀ ਸਬ-ਇੰਸਪੈਕਟਰ ਗੁਰਵੰਤ ਸਿੰਘ ਖੰਨਾ ਬਣੇ ਇੰਸਪੈਕਟਰ

**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਪੁਲਿਸ ਜਿਲਾ ਖੰਨਾ ਦੇ ਸੀਆਈਡੀ ਵਿਭਾਗ ਵਿੱਚ ਤਾਇਨਾਤ ਸਬ ਇੰਸਪੈਕਟਰ ਗੁਰਵੰਤ ਸਿੰਘ ਦੀਆਂ ਵਧੀਆ ਸੇਵਾਵਾਂ ਨੂੰਂ ਮੁੱਖ ਰੱਖਦੇ ਹੋਏ ਇੰਟੈਲੀਜੈਂਸ ਵਿਭਾਗ ਵੱਲੋਂ ਉਹਨਾਂ ਦੀ ਤਰੱਕੀ ਬਤੌਰ ਇੰਸਪੈਕਟਰ ਕਰ ਦਿੱਤੀ ਗਈ ਹੈ । ਇਸ ਮੌਕੇ ਏਆਈਜੀ ਰਤਨ ਸਿੰਘ ਬਰਾੜ ਅਤੇ ਡੀਐਸਪੀ ਹਰਜਿੰਦਰ ਸਿੰਘ ਨੇ ਗੁਰਵੰਤ ਸਿੰਘ ਨੂੰ ਸਟਾਰ ਲਗਾ ਕੇ ਤਰੱਕੀ ਪ੍ਰਦਾਨ ਕੀਤੀ ਅਤੇ ਨਾਲ ਹੀ ਉਨਾਂ ਨੂੰ ਇੰਟੈਲੀਜੈਂਸ ਪੁਲਿਸ ਜਿਲਾ ਖੰਨਾ ਦੀ ਐਡਮਿਨ ਦੀ ਕਮਾਨ ਵੀ ਸੌਂਪ ਦਿੱਤੀ। ਗੌਰਤਲਬ ਹੈ ਕਿ ਗੁਰਵੰਤ ਸਿੰਘ ਫੋਜ ਵਿੱਚੋ ਰਿਟਾਇਰਡ ਹੋਣ ਉਪਰੰਤ ਇੰਟੈਲੀਜੈਂਸ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ ਸਨ। ਇਸ ਤੋਂ ਇਲਾਵਾ ਉਨਾਂ ਨੂੰ ਸਹਿਰ ਨਿਵਾਸੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਸਾਰੇ ਹੀ ਦੋਸਤਾਂ ਮਿੱਤਰਾ ਨੇ ਵਧਾਈ ਦਿਤੀ ਗਈ। ਉਨਾਂ ਵੱਲੋਂ ਦਿੱਤੇ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਕਾਂਗਰਸ ਸਰਕਾਰ ਦਾ ਬਿਨਾਂ ਯੋਜਨਾਬੱਧ ਵਿਕਾਸ ਗੋਗਲੂਆਂ ਤੋਂ ਮਿੱਟੀ ਝਾੜਨ ਬਰਾਬਰ

**ਰੂਪਨਗਰ/ਲੋਕ ਬਾਣੀ**

ਚੰਦ ਦਿਨਾਂ ਬਾਅਦ ਲੋਕਾਂ ਤੋਂ ਵੋਟਾਂ ਮੰਗਣ ਲਈ ਬਿਨਾਂ ਯੋਜਨਾਬੱਧ ਵਿਕਾਸ ਦੇ ਨਾਂਅ 'ਤੇ ਪੈਸਾ ਰੋੜ ਰਹੀ ਕਾਂਗਰਸ ਸਰਕਾਰ ਐਨ ਗੋਗਲੂਆਂ ਤੋਂ ਮਿੱਟੀ ਝਾੜ ਰਹੀ ਹੈ . ਹਲਕਾ ਸ੍ਰੀ ਚਮਕੌਰ ਸਾਹਿਬ ਦੇ ਬੇਲਾ ਤੋਂ ਰੂਪਨਗਰ ਦੇ ਬੇਲਾ ਚੌਕ ਤੱਕ ਮਜਬੂਤ ਹੋ ਰਹੀ ਸੜਕ 'ਚ ਤਿੰਨ ਦਿਨ ਪਹਿਲਾਂ ਬੂੰਦਾ-ਬਾਂਦੀ 'ਚ ਲੁੱਕ ਪਾਈ ਗਈ ਜੋ ਅੱਜ ਖਿਲਰਨ ਲੱਗ ਪਈ . ਦਰਅਸਲ ਲੁੱਕ ਪਾਉਣ ਲਈ ਘੱਟੋ ਘੱਟ 20 ਡਿਗਰੀ ਤਾਪਮਾਨ ਚਾਹੀਦਾ ਹੈ ਪਰ 10 ਤੋਂ 15 ਡਿਗਰੀ ਤਾਪਮਾਨ 'ਚ ਪਾਈ ਜਾ ਰਹੀ ਲੁੱਕ ਤਕਨੀਕੀ ਤੌਰ 'ਤੇ ਦਰੁਸਤ ਨਹੀਂ, ਲੋਕ ਜਿਨ੍ਹਾਂ ਇੰਜੀਨੀਅਰਾਂ ਦੀ ਦੇਖ ਰੇਖ ਹੇਠ ਇਹ ਲੁੱਕ ਪਾਈ ਜਾ ਰਹੀ ਹੈ ਉਨ੍ਹਾਂ ਨੂੰ ਬਰਖਾਸਤ ਕਰਨ ਦੀ ਮੰਗ ਕਰਨ ਲੱਗੇ ਹਨ . ਇਥੇ ਹੀ ਬੱਸ ਨਹੀਂ ਕਰੀਬ 5 ਮਹੀਨੇ ਪਹਿਲਾਂ ਇਸ ਸੜਕ 'ਤੇ ਬੇਲਾ ਕਸਬੇ ਤੋਂ ਲੁੱਕ ਪੈਣੀ ਸੁਰੂ ਹੋਈ ਸੀ ਪਰ ਵਿਚਕਾਰ ਕੈਪਟਨ ਅਮਰਿੰਦਰ ਸਿੰਘ ਨਾਲ ਆਡਾ ਲੈਣ ਕਰਕੇ ਹਲਕਾ ਚਮਕੌਰ ਸਾਹਿਬ ਦੇ ਕੰਮ ਰੋਕ ਦਿੱਤੇ ਗਏ ਪਰ ਹੁਣ ਜਦੋਂ ਕੰਮ ਆਰੰਭ ਹੋਏ ਤਾਂ ਚੋਣਾਂ ਸਿਰ 'ਤੇ ਆ ਗਈਆਂ ਹਨ ਜਿਸ ਕਰਕੇ ਨਾ ਕੋਈ ਯੋਜਨਾ ਤਹਿਤ ਕੰਮ ਹੋ ਰਿਹਾ ਹੈ ਨਾ ਕੁਆਲਿਟੀ ਦੇਖੀ ਜਾ ਰਹੀ ਹੈ . ਰੂਪਨਗਰ ਬਾਈਪਾਸ ਤੋਂ ਬੇਲਾ ਚੌਕ ਤੱਕ ਇਸ ਮਾਰਗ ਨੂੰ ਦੋਵੇਂ ਪਾਸਿਓ 5-5 ਫੁੱਟ ਚੌੜਾ ਤੇ ਮਜਬੂਤ ਕਰਨ ਲਈ ਕਰੀਬ 3-3 ਫੁੱਟ ਡੂੰਘਾ ਪੁੱਟ ਕੇ ਮਿੱਟੀ ਤੇ ਗਟਕੇ ਦੀਆਂ ਤੈਹਾਂ ਨਾਲ ਮਜਬੂਤ ਕੀਤਾ ਜਾਣਾ ਸੀ . ਪਹਿਲਾਂ ਨਗਰ ਕੌਂਸਲ ਨੇ 3-3 ਫੁੱਟ ਤੇ ਸਟਰੀਟ ਲਾਈਟਾਂ ਦੇ ਖੰਭੇ ਲਾ ਦਿੱਤੇ ਜਦ ਸੜਕ ਚੌੜੀ ਕਰਨ ਦਾ ਕੰਮ ਸੁਰੂ ਹੋਇਆ ਤਾਂ ਇਹ ਖੰਭੇ ਚੱਲਣ ਤੋਂ ਪਹਿਲਾਂ ਹੀ ਪੁੱਟ ਕੇ ਹਜਾਰਾਂ ਰੁਪਏ ਰੋੜ ਦਿੱਤੇ . ਹੁਣ ਸੜਕ ਚੌੜੀ ਤਾਂ ਕਰ ਦਿੱਤੀ ਪਰ ਨਾ ਤਾਂ ਪੁਰਾਣੇ ਬਿਜਲੀ ਦੇ ਖੰਭੇ ਤੇ ਟਰਾਂਸਫਾਰਮ ਪਿੱਛੇ ਹਟਾਏ ਗਏ ਅਤੇ ਨਾ ਹੀ ਪਾਣੀ ਦਾ ਨਿਕਾਸ ਕੀਤਾ ਗਿਆ . ਠੇਕੇਦਾਰ ਨੇ ਖੰਭਿਆਂ ਦੀਆਂ ਥਾਵਾਂ ਛੱਡ ਕੇ ਸੜਕ ਬਣਾ ਦਿੱਤੀ ਹੈ ਤੇ ਸੜਕ ਦੇ ਕਿਨਾਰਿਆਂ 'ਚ ਪਾਣੀ ਖੜ੍ਹ ਗਿਆ ਹੈ . ਜਦੋਂ ਖੰਭੇ ਪੁੱਟੇ ਜਾਣਗੇ ਤਾਂ ਛੋਟੇ ਟੋਟਿਆਂ 'ਚ ਤਕਨੀਕੀ ਤੌਰ 'ਤੇ 2-2 ਫੁੱਟ ਪੁੱਟ ਕੇ ਮਿੱਟੀ ਗਟਕੇ ਦੀਆਂ ਤੈਹਾਂ ਕਿਵੇਂ ਬਣਨਗੀਆਂ ਜੇ ਤੈਹਾਂ ਅਨੁਸਾਰ ਗਟਕਾ ਪਾਇਆ ਗਿਆ ਤਾਂ ਰੋਡ ਰੋਲਰ ਨਾ ਚੱਲਣ ਕਾਰਨ ਇਹ ਥਾਵਾਂ ਪੋਲੀਆਂ ਰਹਿਣਗੀਆਂ, ਜਿਨ੍ਹਾਂ 'ਤੇ ਠੇਕੇਦਾਰ ਲੁੱਕ ਪਾ ਕੇ ਚਲਾ ਜਾਏਗਾ ਪਰ ਕੁਝ ਦਿਨੀਂ ਬਾਅਦ ਭਾਰੀ ਵਾਹਨਾਂ ਨਾਲ ਸੜਕ ਟੁੱਟਣੀ ਸੁਰੂ ਹੋ ਜਾਵੇਗੀ, ਜਿਸ 'ਚ ਅਗਲੇ ਚਾਰ ਸਾਲ ਲੋਕ ਮੰਗ ਕਰਦੇ ਥੱਕ ਜਾਣਗੇ . ਕਿਸਾਨ ਆਗੂ ਕੁਲਵਿੰਦਰ ਸਿੰਘ, ਮੁਲਾਜਮ ਆਗੂ ਗੁਰਦੇਵ ਸਿੰਘ ਬਾਗੀ ਤੇ ਹੋਰਾਂ ਨੇ ਮੰਗ ਕੀਤੀ ਹੈ ਕਿ ਨਵੀਆਂ ਸੜਕਾਂ ਬਣਾਉਣ ਦੇ ਕੰਮਾਂ ਦੀ ਜੰਮਿਵਾਰੀ ਐਕਸੀਅਨ, ਐਸ. ਡੀ. ਓ. ਤੇ ਜੇ. ਈ. ਦੀ ਤੈਅ ਕੀਤੀ ਜਾਵੇ ਜੇ ਸੜਕ 5 ਸਾਲ 'ਚ ਟੁੱਟਦੀ ਹੈ ਤਾਂ ਇਹ ਅਧਿਕਾਰੀ ਤੁਰੰਤ ਨੌਕਰੀ ਤੋਂ ਬਰਖਾਸਤ ਕੀਤੇ ਜਾਣ . ਉਨ੍ਹਾਂ ਕਿਹਾ ਕਿ ਹੁਣ ਜਥੇਬੰਦੀਆਂ ਅਜਿਹੇ ਕੰਮਾਂ ਦੀ ਨਿਗਰਾਨੀ ਕਰਨਗੀਆਂ ਜੇ ਅਜਿਹੇ ਹਾਲਾਤ ਪੈਦਾ ਹੁੰਦੇ ਹਨ ਤਾਂ ਰਿਸਵਤਖੋਰੀ ਕਰਨ ਵਾਲਿਆਂ ਤੇ ਘਟੀਆ ਕੰਮ ਕਰਕੇ ਸਰਕਾਰੀ ਪੈਸਾ ਹੜੱਪਣ ਵਾਲਿਆਂ ਵਿਰੁੱਧ ਪ੍ਰਦਰਸਨ ਕੀਤਾ ਜਾਵੇਗਾ।



# ਡਿਪਟੀ ਕਮਿਸਨਰ ਵੱਲੋ ਵੋਟਰ ਜਾਗਰੁਕਤਾ ਲਈ ਹਸਤਾਖਰ ਮੁਹਿੰਮ ਦੀ ਕੀਤੀ ਗਈ ਸ਼ੁਰੂਆਤ

**ਫਾਜਿਲਕਾ/ਗੌਰਵ ਸਰਮਾ**

ਜ਼ਿਲ੍ਹਾ ਚੋਣ ਅ਼ਫਸਰ ਕਮ ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਬਬੀਤਾ ਕਲੇਰ ਵੱਲੋਂ ਵੋਟਰ ਜਾਗਰੂਕਤਾ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਾਜ਼ਿਲਕਾ ਵਿਖੇ ਹਸਤਾਖਰ ਮੁਹਿੰਮ ਦੀ ਸੁਰੂਆਤ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਵੋਟਰ ਜਾਗਰੂਕਤਾ ਹਸਤਾਖਰ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਇਸ ਹਸਤਾਖਰ ਮੁਹਿੰਮ ਨੂੰ ਜ਼ਿਲ੍ਹੇ ਦੇ ਸਮੂਹ ਸਕੂਲਾਂ, ਕਾਲਜਾਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਲਾਗੂ ਕੀਤਾ ਜਾਵੇ ਤਾਂ ਜੋ ਵੋਟਰ ਆਪਣੀ ਵੋਟ ਦੇ ਹੱਕ ਪ੍ਰਤੀ ਖੁਦ ਵੀ ਜਾਗਰੂਕ ਹੋਣ ਤੇ ਦੂਸਰਿਆਂ ਨੂੰ ਵੀ ਕਰਨ। ਉਨ੍ਹਾਂ ਸਵੀਪ ਮੁਹਿੰਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕਾਂ ਨੂੰ ਵੋਟ ਦੇ ਹੱਕ ਪ੍ਰਤੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰੇਕ ਵੋਟਰ ਬਿਨਾਂ ਕਿਸੇ ਡਰ ਭੈਅ ਤੋਂ ਆਪਣੇ ਵੋਟ ਹੱਕ ਦਾ ਇਸਤੇਮਾਲ ਕਰਨ। ਉਨ੍ਹਾਂ ਕਿਹਾ ਕਿ ਸਵੀਪ ਦਾ ਪ੍ਰੋਗਰਾਮ ਅਗਾਹ ਵੀ ਜਾਰੀ ਰਹੇਗਾ ਅਤੇ ਜ਼ਿਲ੍ਹੇ ਦੇ ਵੋਟਰਾਂ ਨੂੰ ਆਪਣੇ ਨਾਲ ਜੋੜ ਕੇ ਘਰ-ਘਰ ਇਹ ਜਾਗਰੂਕਤਾ ਫੈਲਾਈ ਜਾਵੇਗੀ। ਇਸ ਮੌਕੇ ਸਵੀਪ ਮੁਹਿੰਮ ਦੇ ਸਹਾਇਕ ਨੋਡਲ ਅਫਸਰ ਰਾਜਿੰਦਰ ਵਿਖਾਉਣਾ ਅਤੇ ਵਿਜੈ ਪਾਲ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।



# ਗੁਰੂ ਕੀ ਰਸੋਈ ਵਲੋਂ ਫਰਵਰੀ ਮਹੀਨੇ ਵਿਚ ਕਰਵਾਏ ਜਾਣਗੇ ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਮਿਸਨ ਸੇਵਾ ਸੁਸਾਇਟੀ ਅਤੇ ਨਿਸਕਾਮ ਸੇਵਾ ਸੁਸਾਇਟੀ ਗੁਰੂ ਕੀ ਰਸੋਈ ਵਲੋਂ ਜਿੱਥੇ ਇਲਾਕੇ ਵਿਚ ਗੁਰਮਤਿ ਅਤੇ ਸਮਾਜ ਭਲਾਈ ਕਾਰਜਾਂ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਉੱਥੇ ਹੁਣ ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਕਰਾਉਣ ਦੇ ਪ੍ਰੋਗਰਾਮ ਵੀ ਉਲੀਕੇ ਗਏ ਹਨ। ਇਹ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਮੁੱਖ ਸੇਵਾਦਾਰ ਸ: ਸੁਰਜੀਤ ਸਿੰਘ ਅਤੇ ਸ: ਅਮਰੀਕ ਸਿੰਘ ਨੇ ਦੱਸਿਆ ਕਿ ਆਉਣ ਵਾਲੀ 20 ਫਰਵਰੀ ਨੂੰ ਗੁਰੂ ਕੀ ਰਸੋਈ ਵਿਖੇ ਕੈਨੇਡਾ ਨਿਵਾਸੀ ਗੁਰਜਿੰਦਰ ਸਿੰਘ ਦੇ ਉਪਰਾਲੇ ਨਾਲ ਵੱਧ ਤੋਂ ਵੱਧ ਲੜਕੀਆਂ ਦੇ ਵਿਆਹ ਪੂਰੀ ਸ਼ਾਨੋ-ਸ਼ੌਕਤ ਨਾਲ ਕਰਾਉਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨਾਂ ਦੱਸਿਆ ਕਿ ਇਲਾਕੇ ਦੇ ਕੁਝ ਪਰਿਵਾਰ ਉਨਾਂ ਨਾਲ ਸੰਪਰਕ ਵਿਚ ਹਨ ਅਤੇ ਉਨਾਂ ਨੇ ਹੋਰ ਲੋੜਵੰਦ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਆਪਣਿਆਂ ਬੱਚਿਆਂ ਦੇ ਰਿਸ਼ਤੇ ਤੈਅ ਕਰਕੇ ਇਸ ਸੇਵਾ ਦਾ ਲਾਭ ਲੈਣ ਲਈ ਗੁਰੂ ਕੀ ਰਸੋਈ ਜਾਂ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਾਲ ਸੰਪਰਕ ਕਰਨ। ਉਨਾਂ ਕਿਹਾ ਕਿ ਲੋੜਵੰਦ ਪਰਿਵਾਰਾਂ ਦੀ ਆਓ ਭਗਤ ਦੇ ਨਾਲ ਨਾਲ ਹਰ ਵਿਵਾਹਿਤ ਜੋੜੇ ਨੂੰ ਲੋੜ ਅਨੁਸਾਰ ਬੁਨਿਆਦੀ ਸਹੂਲਤਾਂ ਅਤੇ ਘਰੇਲੂ ਸਮਾਨ ਵੀ ਦਿੱਤਾ ਜਾਵੇਗਾ। ਇਸ ਸਮੇਂ ਉਨਾ ਨੇ ਦੋਨੋਂ ਸੁਸਾਇਟੀਆਂ ਵਲੋਂ ਮਨੁੱਖਤਾ ਦੇ ਭਲੇ ਲਈ ਪਹਿਲਾਂ ਤੋਂ ਚਲਾਏ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਜਿਨਾਂ ਵਿਚ ਇਲਾਕੇ ਦੇ ਢਾਈ ਸੌ ਤੋਂ ਵੀ ਵੱਧ ਬੇਸਹਾਰਾ ਅਤੇ ਵਿਕਲਾਂਗ ਵਿਅਕਤੀਆਂ ਲਈ ਦੋ ਵਕਤ ਦੇ ਖਾਣੇ ਦੀ ਟਿਫਨ ਸੇਵਾ, ਸਿਹਤ ਸਹੂਲਤਾਂ ਵਿਚ ਇਲਾਜ ਲਈ ਐਲੋਪੈਥਿਕ ਅਤੇ ਹੋਮਿਓਪੈਥਿਕ ਡਿਸਪੈਂਸਰੀਆਂ, ਮੁਫਤ ਦਵਾਈਆਂ, ਅੱਖਾਂ ਦੇ ਮੁਫਤ ਅਪਰੇਸ਼ਨ ਕੈਂਪ, ਕਰੋਨਾ ਕਾਲ ਦੌਰਾਨ, ਰਾਸ਼ਨ ਕਿਟਾਂ, ਮੈਡੀਕਲ ਅਤੇ ਵੈਕਸੀਨੇਸ਼ਨ ਕੈਂਪ ਅਤੇ ਸਿਵਲ ਹਸਪਤਾਲ ਵਿਖੇ ਮਰੀਜਾਂ ਲਈ ਦੁੱਧ, ਚਾਹ, ਫਲ ਅਤੇ ਕਾਹੜੇ ਆਦਿਕ ਦੀਆਂ ਸੇਵਾਵਾਂ ਆਦਿਕ ਸ਼ਾਮਲ ਹਨ। ਇਸ ਮੌਕੇ ਜਗਦੀਪ ਸਿੰਘ, ਜਗਜੀਤ ਸਿੰਘ ਬਾਟਾ, ਗੁਰਦੇਵ ਸਿੰਘ, ਤਰਲੋਚਨ ਸਿੰਘ ਅਤੇ ਜਸਪਾਲ ਸਿੰਘ ਵੀ ਉਨਾ ਦੇ ਨਾਲ ਸਨ।



# ਕੋਵਿਡ ਵੈਕਸੀਨੇਸ਼ਨ ਅਤੇ ਸੈਂਪਲਿੰਗ ਦੀ ਪ੍ਰੀਕਿਰਿਆ ਵਿੱਚ ਹੋਰ ਤੇਜ਼ੀ ਲਿਆਉਣ ਲਈ ਜ਼ਿਲ੍ਹਾ ਟਾਸਕ ਫੋਰਸ ਦੀ ਹੋਈ ਵਿਸ਼ੇਸ ਮੀਟਿੰਗ

**ਤਰਨ ਤਾਰਨ/ਰਵੀ ਕਰਨ**

ਕੋਵਿਡ-19 ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਜ਼ਿਲ੍ਹਾ ਤਰਨ ਤਾਰਨ ਵਿੱਚ ਕੋਵਿਡ ਵੈਕਸੀਨੇਸ਼ਨ ਪ੍ਰੀਕਿਰਿਆ ਚ ਹੋਰ ਤੇਜ਼ੀ ਲਿਆਉਣ ਦੇ ਮੰਤਰ ਤਹਿਤ ਵਧਕਿ ਡਿਪਟੀ ਕਮਿਸ਼ਨਰ ਵਿਕਾਸ ਸ਼੍ਰੀਮਤੀ ਪਰਮਜੀਤ ਕੌਰ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੈਂਪਲੈਕਸ ਤਰਨ ਤਾਰਨ ਵਿਖੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਿਲ੍ਹਾ ਟਾਸਕ ਫੋਰਸ ਦੀ ਵਿਸ਼ੇਸ ਮੀਟਿੰਗ ਕੀਤੀ ਗਈ।

ਇਸ ਦੌਰਾਨ ਉਨ੍ਹਾਂ ਵੱਲੋਂ ਸੀਨੀਅਰ ਮੈਡੀਕਲ ਅਫਸਰਾਂ ਨੂੰ ਕਿਹਾ ਗਿਆ ਕਿ ਪੰਜਾਬ ਵਿੱਚ ਕੋਵਿਡ ਸੰਕਰਮਣ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ, ਜਿਸ ਕਾਰਨ ਹੁਣ ਆਉਣ ਵਾਲੇ ਸਮੇਂ ਵਿੱਚ ਕੋਵਿਡ-19 ਦੀ ਤੀਜੀ ਲਹਿਰ ਦਾ ਖ਼ਤਰਾ ਸੰਭਾਵਿਤ ਜਾਪਦਾ ਹੈ।ਉਹਨਾਂ ਕਿਹਾ ਕਿ ਕੋਰੋਨਾ ਦੀ ਵੱਧ ਤੋਂ ਵੱਧ ਸੈਂਪਲਿੰਗ ਅਤੇ ਟੀਕਾਕਰਨ ਕੀਤਾ ਜਾਵੇ ਅਤੇ ਸਰਕਾਰ ਦੀਆਂ ਹਦਾਇਤਾ ਮੁਤਾਬਿਕ ਜ਼ਿਲ੍ਹੇ ਦੇ ਟਾਰਗੱਟ ਨੂੰ ਪੂਰਾ ਕੀਤਾ ਜਾਵੇ।ਉਹਨਾਂ ਕਿਹਾ ਕਿ ਜੇਕਰ ਵਿਆਕਤੀ ਕੋਵਿਡ-19 ਪੋਜ਼ੀਟਿਵ ਆਉਂਦਾ ਹੈ ਤਾਂ ਤੁਰੰਤ ਰੈਪਿਡ ਰਿਸਪੋਸ ਟੀਮ ਵੱਲੋਂ ਉਸ ਮਰੀਜ਼ ਦੇ ਸੰਪਰਕ ਕੇਸ ਲੱਭ ਕੇ ਉਨ੍ਹਾਂ ਦੇ ਟੈੱਸਟ ਕਰਵਾਏ ਜਾਣਗੇ ਅਤੇ ਰੈਪਿਡ ਰਿਸਪੋਸ ਟੀਮ ਵੱਲੋਂ ਘਰ ਵਿੱਚ ਇਕਾਂਵਾਸ ਮਰੀਜ਼ ਦੀ ਹਫ਼ਤੇ ਵਿੱਚ ਤਿੰਨ ਵਾਰ ਦੇਖ਼ਭਾਲ ਕੀਤੀ ਜਾਵੇ ਅਤੇ ਰੋਜ਼ਾਨਾ ਫੋਨ ਤੇ ਸੰਪਰਕ ਕੀਤਾ ਜਾਵੇ।ਉਨ੍ਹਾਂ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੋਵਿਡ ਤੋਂ ਬਚਣ ਲਈ ਆਪਣਾ ਸੰਪੂਰਨ ਟੀਕਾਕਰਨ ਕਰਵਾਉਣ ਕਿਉਂਕਿ ਇਹ ਕੋਵਿਡ ਤੋਂ ਬਚਣ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਕੋਵਿਡ ਵੈਕਸੀਨ ਦੀ ਬੂਸਟਰ ਡੋਜ਼ ਵੀ 10 ਜਨਵਰੀ ਤੋਂ ਸ਼ੁਰੂ ਹੋਣ ਜਾਂ ਰਹੀ ਹੈ।ਪਹਿਲੇ ਪੜਾਅ ਵਿੱਚ ਹੈੱਲਥ ਕੇਅਰ ਵਰਕਰ, ਫਰੰਟ ਲਾਈਨ ਵਰਕਰ ਅਤੇ 60 ਸਾਲ ਤੋਂ ਵੱਧ ਉਮਰ ਦੇ ਸਹੀ ਰੋਗਾਂ ਵਾਲੇ ਵਿਅਕਤੀ ਇਸ ਬੂਸਟਰ ਡੋਜ਼ ਦੇ ਯੋਗ ਹੋਣਗੇ। ਦੂਜੀ ਖ਼ੁਰਾਕ ਤੋਂ ਬਾਅਦ 9 ਮਹੀਨਿਆਂ ਦਾ ਅੰਤਰ ਬੂਸਟਰ ਖ਼ੁਰਾਕ ਲਈ ਯੋਗ ਹੋਣ ਲਈ ਜ਼ਰੂਰੀ ਹੈ। ਇਸ ਦੇ ਨਾਲ ਹੀ ਹਰੇਕ ਵਿਆਕਤੀ ਦੁਆਰਾ ਕੋਵਿਡ ਦੇ ਢੁਕਵੇ ਵਿਵਹਾਰ ਦੀ ਸਥਿਤੀ ਨਾਲ ਪਾਲਣਾ ਕਰਨ ਦੀ ਅਪੀਲ ਵੀ ਕੀਤੀ ਗਈ, ਕਿਉਂਕਿ ਉਮੀਕਰੋਨ ਵੈਰੀਐਂਟ ਦੀ ਸੰਕ੍ਰਮਣ ਦੀ ਦਰ ਡੇਲਟਾ ਵੈਰੀਐਂਟ ਤੋਂ 3 ਗੁਣਾ ਜਿਆਦਾ ਹੈ।

ਮੀਟਿੰਗ ਦੌਰਾਨ ਜ਼ਿਲ੍ਹਾ ਟੀਕਾਕਰਨ ਅਫ਼ਸਰ ਤਰਨ ਤਾਰਨ ਡਾ. ਵਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਬੁਖ਼ਾਰ, ਖ਼ਾਸੀ, ਸਾਹ ਲੈਣ ਵਿੱਚ ਤਕਲੀਫ਼, ਸਰਦੀ ਜ਼ੁਕਾਮ, ਦਸਤ, ਨੱਕ ਵੱਗਣਾ, ਗਲੇ ਵਿੱਚ ਖ਼ਰਾਸ਼, ਸਵਾਦ ਅਤੇ ਸੁੰਘਣ ਸ਼ਕਤੀ ਦਾ ਘੱਟਣਾ ਅਤੇ ਸਰੀਰ ਥੱਕਿਆ ਹੋਇਆ ਮਹਿਸੂਸ ਕਰਦਾ ਹੈ ਤਾਂ ਉਹ ਤੁਰੰਤ ਹੀ ਆਪਣੇ ਨੇੜਲੇ ਸਰਕਾਰੀ ਸਿਹਤ ਕੇਂਦਰ ਵਿੱਚ ਜਾਂ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਕੋਰੋਨਾ ਟੈੱਸਟ ਕਰਵਾਏ ਅਤੇ ਇਸ ਬਿਮਾਰੀ ਦਾ ਜਲਦੀ ਪਤਾ ਲੱਗਣ ਦੇ ਨਾਲ ਅਸੀਂ ਆਪ, ਆਪਣੇ ਪਰਿਵਾਰ ਅਤੇ ਸਮਾਜ ਨੂੰ ਕੋਵਿਡ-19 ਦੀ ਬਿਮਾਰੀ ਨੂੰ ਵੱਧਣ ਤੋਂ ਬਚਾਅ ਸਕਦਾ ਹਾਂ।

# ਆਪਣੇ 15 ਤੋਂ 18 ਸਾਲ ਦੇ ਬੱਚਿਆਂ ਨੂੰ ਕੋਵਿਡ ਵੈਕਸੀਨ ਲਗਾਉਣ ਲਈ ਅੱਗੇ ਆਉਣ ਜ਼ਿਲ੍ਹਾ ਵਾਸੀ : ਡਿਪਟੀ ਕਮਿਸ਼ਨਰ

■ ਕਰੋਨਾ ਵਾਇਰਸ ਤੋਂ ਬਚਾਅ ਲਈ ਜ਼ਿਲ੍ਹੇ ਵਿੱਚ ਹੁਣ ਤੱਕ 6,39,662 ਲਾਭਪਾਤਰੀਆਂ ਨੂੰ ਲਗਾਈ ਗਈ 9,22,051 ਡੋਜ਼ ਵੈਕਸੀਨ

**ਤਰਨ ਤਾਰਨ/ ਰਵੀ ਕਰਨ**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਕੁਲਵੰਤ ਸਿੰਘ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ 15 ਤੋਂ 18 ਸਾਲ ਦੇ ਬੱਚਿਆਂ ਨੂੰ ਕੋਵਿਡ ਵੈਕਸੀਨ ਲਗਾਉਣ ਲਈ ਅੱਗੇ ਆਉਣ ਤਾਂ ਜੋ ਕੋਵਿਡ-19 ਮਹਾਂਮਾਰੀ ਦੇ ਖਤਰੇ ਤੋਂ ਬਚਿਆ ਜਾ ਸਕੇ।ਉਹਨਾਂ ਕਿਹਾ ਕਿ ਜਿੰਨਾਂ ਲਾਭਪਾਤਰੀਆਂ ਦੇ ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ, ਉਹ ਵੀ ਵੈਕਸੀਨ ਦੀ ਦੂਜੀ ਡੋਜ਼ ਸਮੇਂ-ਸਿਰ ਜ਼ਰੂਰ ਲਗਵਾਉਣ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਰੋਨਾ ਵਾਇਰਸ ਤੋਂ ਬਚਾਅ ਲਈ ਹੁਣ ਤੱਕ ਜ਼ਿਲਾ ਤਰਨ ਤਾਰਨ ਵਿੱਚ 6,39,662 ਲਾਭਪਾਤਰੀਆਂ ਨੂੰ 9,22,051 ਡੋਜ਼ ਵੈਕਸੀਨ ਲਗਾਈ ਜਾ ਚੁੱਕੀ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਕੁਲਵੰਤ ਸਿੰਘ ਨੇ ਦੱਸਿਆ ਕਿ



ਅੱਜ 3638 ਹੋਰ ਲੋਕਾਂ ਨੂੰ ਕੋਵਿਡ ਸਬੰਧੀ ਵੈਕਸੀਨ ਲਗਾਈ ਗਈ ਹੈ। ਉਹਨਾਂ ਦੱਸਿਆ ਕਿ ਕੋਵਿਡ-19 ਮਹਾਂਮਾਰੀ ਦਾ ਸ਼ਿਕਾਰ ਹੋ ਚੁੱਕੇ ਲੋਕਾਂ ਦਾ ਪਤਾ ਲਾਉਣ ਲਈ ਅੱਜ ਜ਼ਿਲੇ ਦੇ ਵੱਖ-ਵੱਖ ਸਰਕਾਰੀ ਹਸਪਤਾਲਾਂ ’ਚ ਕੋਵਿਡ-19 ਦੀ ਜਾਂਚ ਲਈ ਅੱਜ 939 ਸੈਂਪਲ ਹੋਰ ਲਏ ਗਏ ਹਨ। ਜ਼ਿਲੇ ਦੇ ਵੱਖ-ਵੱਖ ਸਰਕਾਰੀ ਹਸਪਤਾਲਾਂ ’ਚ ਅੱਜ ਕੀਤੇ ਗਏ 357 ਰੈਪਿਡ ਐਂਟੀਜਨ ਟੈਸਟਾਂ ਵਿੱਚੋਂ 06 ਦੀ ਰਿਪੋਰਟ ਪਾਜ਼ੇਟਿਵ ਆਈ ਹੈ ਅਤੇ 351 ਦੀ ਰਿਪੋਰਟ ਨੈਗੇਟਿਵ ਪਾਈ ਗਈ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਵਿਖੇ ਲੈਬ ਵਿੱਚ 05 ਜਨਵਰੀ ਨੂੰ ਭੇਜੇ ਗਏ 458 ਸੈਂਪਲਾਂ ਵਿੱਚੋਂ 10 ਦੀ ਰਿਪੋਰਟ ਪਾਜ਼ੇਟਿਵ ਆਈ ਹੈ ਅਤੇ 448 ਦੀ ਰਿਪੋਰਟ ਨੈਗੇਟਿਵ ਪਾਈ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲਾ ਤਰਨ ਤਾਰਨ ਵਿੱਚ ਹੁਣ ਤੱਕ 8141 ਵਿਅਕਤੀ ਕੋਵਿਡ-19 ਤੋਂ ਪੀੜਤ ਪਾਏ ਗਏ ਹਨ। ਹੁਣ ਤੱਕ ਕਰੋਨਾ ਵਾਇਰਸ ਤੋਂ ਪੀੜਤ 7699 ਵਿਅਕਤੀ ਕੋਰੋਨਾ ਵਾਇਰਸ ਨੂੰ ਮਾਤ ਦਿੰਦਿਆਂ ਸਿਹਤਯਾਬੀ ਹਾਸਲ ਕਰ ਚੁੱਕੇ ਹਨ। ਉਹਨਾਂ ਦੱਸਿਆ ਕਿ ਜ਼ਿਲਾ ਤਰਨ ਤਾਰਨ ਵਿੱਚ ਕੋਵਿਡ-19 ਦੀ ਜਾਂਚ ਲਈ ਹੁਣ ਤੱਕ ਆਰ. ਟੀ. ਪੀ. ਸੀ. ਆਰ., ਰੈਪਿਡ ਐਂਟੀਜਨ ਤੇ ਟਰੂਨੈੱਟ ਵਿਧੀ ਰਾਹੀਂ 4,91,478 ਵਿਅਕਤੀਆਂ ਦੇ ਸੈਂਪਲ ਲਏ ਗਏ ਹਨ, ਜਿੰਨਾਂ ਵਿਚੋਂ 4,79,126 ਵਿਅਕਤੀਆਂ ਦੀ ਰਿਪੋਰਟ ਨੈਗੇਟਿਵ ਆਈ ਹੈ ਅਤੇ 582 ਦੀ ਰਿਪੋਰਟ ਆਉਣੀ ਬਾਕੀ ਹੈ। ਉਹਨਾਂ ਦੱਸਿਆ ਕਿ ਜ਼ਿਲਾ ਤਰਨ ਤਾਰਨ ਵਿੱਚ ਇਸ ਸਮੇਂ ਕੋਵਿਡ-19 ਦੇ ਐਕਟਿਵ ਕੇਸਾਂ ਦੀ ਗਿਣਤੀ ਵੱਧ ਕੇ 61 ਹੋ ਗਈ ਹੈ, ਜਿੰਨਾਂ ਵਿੱਚੋਂ 38 ਮਰੀਜ਼ਾਂ ਨੂੰ ਘਰਾਂ ’ਚ ਇਕਾਂਤਵਾਸ ਕੀਤਾ ਗਿਆ ਹੈ। ਉਹਨਾਂ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹਨ ਇਸ ਭਿਆਨਕ ਮਹਾਂਮਾਰੀ ‘ਤੇ ਕਾਬੂ ਪਾਉਣ ਲਈ ਵੈਕਸੀਨ ਜ਼ਰੂਰ ਲਗਵਾਉਣ। ਉਹਨਾਂ ਕਿਹਾ ਕਿ ਜ਼ਿਲਾ ਵਾਸੀ ਕੋਵਿਡ-19 ਮਹਾਂਮਾਰੀ ਪ੍ਰਤੀ ਸਿਹਤ ਵਿਭਾਗ ਵੱਲੋਂ ਜਾਰੀ ਸਾਵਧਾਨੀਆਂ ਨੂੰ ਜ਼ਰੂਰ ਅਪਣਾਉਣ ਅਤੇ ਮਾਸਕ ਪਹਿਨਣ, ਹੱਥਾਂ ਨੂੰ ਵਾਰ-ਵਾਰ ਸਾਫ਼ ਕਰਨ ਅਤੇ 02 ਗਜ਼ ਦੀ ਸਮਾਜਿਕ ਦੂਰੀ ਨੂੰ ਬਣਾਏ ਰੱਖਣ।

# ਅਸੀਸਟੈਂਟ ਡਾਇਰੈਕਟਰ ਜੁਝਾਰ ਸਿੰਘ



**ਹਰ** ਵੀਡੀਓ ਨੂੰ ਪੂਰੇ ਤਰੀਕੇ ਨਾਲ ਸੰਭਾਲਣਾ ਇਕ ਅਸੀਸਟੈਂਟ ਡਾਇਰੈਕਟਰ ਦਾ ਕੰਮ ਹੁੰਦਾ ਹੈ। ਇਸੇ ਤਰਾਂ ਪੰਜਾਬੀ ਗਾਣਿਆਂ ਤੇ ਫਲਿਮਾਂ ਵਿਚ ਆਪਣੀ ਡਿਊਟੀ ਨਿਭਾ ਰਿਹਾ ਹੈ ਪੰਜਾਬ ਦਾ ਨੌਜਵਾਨ ਜੁਝਾਰ ਸਿੰਘ ਜਿਸ ਦਾ ਜਨਮ 14 ਜੂਨ, 2001 ਨੂੰ ਪਿੰਡ ਜੈਨਪੁਰ, ਕਪੂਰਥਲਾ ਵਿਖੇ ਪਿਤਾ ਨਰਵੈਲ ਸਿੰਘ ਤੇ ਮਾਤਾ ਰਣਜੀਤ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਜੁਝਾਰ ਨੂੰ ਡਾਇਰੈਕਟਰੀ ਦਾ ਕਾਫੀ ਸੌਕ ਸੀ। ਉਸਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਪੰਜਾਬ ਦੇ ਕੁਝ ਡਾਇਰੈਕਟਰਾਂ ਨਾਲ ਕੰਮ ਕੀਤਾ ਜਿਹਨਾਂ ਵਿਚ ਡਾਇਰੈਕਟਰ ਸਾਹਿਲ ਸਿੰਘ, ਡਾਇਰੈਕਟਰ ਨਰੇਸ, ਡਾਇਰੈਕਟਰ ਅਮਰਪਾਲ ਅਤੇ ਡਾਇਰੈਕਟਰ ਜੀਵਨ ਸਿੰਘ ਆਦਿ ਸਾਮਿਲ ਸਨ। ਹੁਣ ਜੁਝਾਰ ਸਿੰਘ ਖੁਦ ਡਾਇਰੈਕਟਰੀ ਕਰਨ ਦੇ ਯੋਗ ਹੈ ਉਸਨੇ ਕਈ ਪੰਜਾਬੀ ਗਾਣਿਆਂ ਅਤੇ ਭੇਟਾਂ ਦੀਆਂ ਵੀਡਿਓ ਵਿਚ ਬਤੌਰ ਅਸੀਸਟੈਂਟ ਡਾਇਰੈਕਟਰ ਵਜੋਂ ਕੰਮ ਕੀਤਾ ਜਿਹਨਾਂ ਵਿਚ “ਰੰਗ ਵਿਚ ਰੰਗਦੇ ਮੈਨੂੰ”, “ਸਿਫਤਾਂ ਮਾਂ ਦੇ ਦਰਬਾਰ ਦੀਆਂ”, “ਦੇ ਪੁੱਤਰ ਦੀ ਦਾਤ ਦਾਤੀਏ” ਆਦਿ ਭੇਟਾਂ ਅਤੇ “ਲੜਾਈਆਂ”, “ਰਾਹ ਠੇਕੇ ਦਾ” ਅਤੇ “ਤੇਰੇ ਲਈ” ਆਦਿ ਗੀਤ ਸ਼ਾਮਿਲ ਹਨ।

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111